P.O. Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 01 ਨਾਨਕਸ਼ਾਹੀ ਸੰਮਤ 555 ਪੋਹ/ਮਾਘ ਜਨਵਰੀ, 2024 ਸਾਲ 41

ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ
ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ
ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥੬॥

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH



Ph.No. 0172-2913729, 98156-50812
E-mail : gurbanichanan1125@gmail.com



**ਬਾਨੀ** (Founder) **: ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 03 |
| 2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਦੀ ਨਸ਼ੀਨੀ | ਗਿਆਨੀ ਸ਼ੇਰ ਸਿੰਘ ਜੀ | 16 |
| 3. ਸਾਰਾਗੜ੍ਹੀ ਸਾਕਾ ਦੁਹਰਾਇਆ ਅਗਸਤ ੧੯੪੭ | ਡਾ.ਗੁਰਬਚਨ ਸਿੰਘ | 19 |
| 4. ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ | ਸ.ਗੁਲਜਾਰ ਸਿੰਘ | 28 |
| 5. ਖਬਰਾਵਲੀ | ਸੰਪਾਦਕ | 32 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਗੁਰੂ ਦੀ ਮਹੱਤਤਾ ;- ਅਗਿਆਨਤਾ ਨਾਲ ਮੈਲੇ ਹੋਏ ਮਨੁੱਖ ਦੇ ਮਨ ਦੀ ਕਾਲਖ ਗੁਰੂ ਹੀ ਅਪਣੇ ਸ਼ਬਦ ਨਾਲ ਦੂਰ ਕਰਨ ਦੇ ਸਮਰੱਥ ਹੁੰਦਾ ਹੈ। ਗੁਰੂ ਮਨ ਤੋਂ ਅਗਿਆਨਤਾ ਦਾ ਜੰਗਾਲ ਲਾਹ ਕੇ ਗਿਆਨ ਬਖਸ਼ਦਾ ਹੈ। ਮਨੁੱਖੀ ਮਨ ਨੂੰ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਲੱਗੀ ਹੋਈ ਹੈ, ਜਿਸ ਕਰਕੇ ਜੀਵ ਨੂੰ ਅਪਣੀ ਸੋਝੀ ਨਹੀਂ ਹੈ ਕਿ ਉਹ ਕੀ ਵਸਤੂ ਹੈ, ਕਿਸੇ ਨੇ ਵੀ ਅਪਣੇ ਤਨ ਅੰਦਰ ਮਨ ਨੂੰ ਨਹੀਂ ਜਾਣਿਆ। ਕਿੱਡਾ ਚਾਲਾਕ ਹੈ, ਕਿੱਡਾ ਪਾਪੀ ਹੈ ਇਹ ਮਨ, ਤੁਹਾਡਾ ਕਹਾਉਂਦਾ ਹੋਇਆ, ਤੁਹਾਡੇ ਪਾਸ ਰਹਿੰਦਾ ਹੋਇਆ ਵੀ ਤੁਹਾਨੂੰ ਅਪਣਾ ਭੇਦ ਨਹੀਂ ਦਿੰਦਾ। ਹਾਂ ! ਇਹ ਭੇਦ ਗੁਰੂ ਪਾਸੋਂ ਮਿਲਦਾ ਹੈ। ਗੁਰੂ ਤੁਹਾਨੂੰ ਤੁਹਾਡੇ ਆਪੇ ਦੀ ਪਛਾਣ ਕਰਾਉਂਦਾ ਹੈ। ਜਦੋਂ ਤਕ ਆਪੇ ਦੀ ਪਹਿਚਾਣ ਨਹੀਂ ਹੁੰਦੀ, ਵਾਹਿਗੁਰੂ ਜੀ ਦੇ ਦਰਸ਼ਨ ਨਹੀਂ ਹੁੰਦੇ। ਪੂਰਾ ਸਤਿਗੁਰੂ ਮਨ ਦੀ ਮੈਲ ਧੋ ਕੇ ਜੰਗਾਲ ਲਾਹ ਕੇ, ਗਿਆਨ ਬਖਸ਼ ਕੇ ਵਾਹਿਗੁਰੂ ਦੇ ਦਰਸ਼ਨ ਕਰਵਾਉਣ ਵਿਚ ਸਮਰੱਥ ਹੁੰਦਾ ਹੈ।

ਪ੍ਰਭੂ ਮੁਤਲਾਸ਼ੀਆਂ ਨੂੰ ਭਰਮ ਵਿਚ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਤੋਂ ਬਗੈਰ ਕੋਈ ਅਕਾਲ ਪੁਰਖ ਦੇ ਦਰਸ਼ਨ ਕਰ ਲਵੇਗਾ, ਬਿਲਕੁਲ ਹੀ ਨਹੀਂ ਹੋ ਸਕਦਾ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

(ਆਸਾ ਕੀ ਵਾਰ, ਅੰਗ-੪੬੬)

ਸਤਿਗੁਰੂ ਦੀ ਸ਼ਰਨ ਤੋਂ ਬਿਨਾਂ, ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਜੱਗ ਭੁਲਿਆ ਫਿਰਦਾ ਹੈ ਅਤੇ ਆਵਾਗਉਣ ਦੇ ਚੱਕਰ ਵਿਚ ਪਿਆ ਹੋਇਆ ਹੈ।

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥

ਸੋ ਗੁਰੂ-ਗੁਰਬਾਣੀ ਹੋਰ ਸਪਸ਼ਟ ਕਰਦੀ ਹੈ;-

ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥

(ਅੰਗ-੮੬੪)

ਪੂਰਾ ਸਤਿਗੁਰੂ, ਗੁਰੂ ਦਾ ਸ਼ਬਦ ਹੀ ਹੋਇਆ ਕਰਦਾ ਹੈ। ਸ਼ਬਦ ਦੀ ਚੋਟ ਨਾਲ ਮਨ ਮਾਰਿਆ ਹੋਇਆ, ਫੇਰ ਦੂਜੀ ਵਾਰ ਨਹੀਂ ਮਰਦਾ, ਭਾਵ ਸ਼ਬਦ ਨਾਲ ਪਿਆਰ ਪੈਣ ਨਾਲ ਪ੍ਰਭੂ ਨਾਲ ਮਿਲਾਪ ਹੁੰਦਾ ਹੈ ਅਤੇ ਆਵਾਗਉਣ ਕੱਟਿਆ ਜਾਂਦਾ ਹੈ:-

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ (ਅੰਗ-੫੮)

ਗੁਰੂ ਦੇ ਸ਼ਬਦ ਅੰਦਰ ਐਨੀ ਤਾਕਤ ਹੈ ਕਿ ਉਹ ਸਾਡੇ ਕੀਤੇ, ਇਕ ਨਹੀਂ ਦੋ ਨਹੀਂ, ਬਲਕਿ ਕਰੋੜਾਂ ਪਾਪਾਂ ਨੂੰ ਧੋ ਦਿੰਦਾ ਹੈ, ਕੱਟ ਦਿੰਦਾ ਹੈ। ਭਗਤ ਰਾਮਾਨੰਦ ਜੀ ਬਸੰਤ ਰਾਗ ਵਿਚ ਆਪਣੇ ਲਿਖੇ ਸ਼ਬਦ ਦੇ ਅੰਤ ਤੇ ਆਖਦੇ ਹਨ :-

ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥
(ਅੰਗ-੧੧੯੫)

ਇਸ ਵਿਚ ਸ਼ੱਕ ਨਹੀਂ ਕਿ ਗੁਰੂ ਦੇ ਦਰਸ਼ਨ ਬਾਹਰੋਂ ਕਰਕੇ ਸ਼ਰਧਾਲੂ ਨਿਹਾਲੋ ਨਿਹਾਲ ਹੋ ਜਾਂਦਾ ਹੈ, ਸ਼ਾਂਤੀ ਪ੍ਰਾਪਤ ਕਰਦਾ ਹੈ ਪਰ ਦਰਸ਼ਨ ਦੀ ਪ੍ਰੀਭਾਸ਼ਾ ਤੋਂ ਅਸੀਂ ਅਵੇਸਲੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ :-

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ (ਅੰਗ-੫੯੪)

ਐਵੇਂ ਕਿਸੇ ਨੂੰ ਓਪਰੀ ਨਜ਼ਰ ਨਾਲ ਵੇਖ ਲਿਆ। ਦੂਰੋਂ ਹੀ ਮੱਥਾ ਟੇਕ ਦਿੱਤਾ, ਹਾਂ ਜੀ! ਦਰਸ਼ਨ ਹੋ ਗਏ? ਬਹੁਤਾ ਕੀਤਾ ੧੦-੨੦ ਰੁ. ਅੱਗੇ ਰੱਖ ਕੇ ਸਿਰ ਨਿਵਾ ਦਿੱਤਾ, ਦਰਸ਼ਨ ਹੋ ਗਏ ? ਜਾਂ ਭੀੜ ਭੜੱਕੇ ਵਿੱਚ ਮਸਤਕ ਝੁਕਾਇਆ ਤੇ ਅੱਗੇ ਲੰਘਦੇ ਬਣੇ, ਬੱਸ ਸਮਝ ਲਿਆ ਦਰਸ਼ਨ ਹੋ ਗਏ। ਨਹੀਂ ਭਾਈ ! ਐਸਾ ਨਹੀਂ ਹੈ ਸਤਿਗੁਰੂ ਜੀ ਬਚਨ ਕਰਦੇ ਹਨ ਕਿ ਇਸ ਤਰ੍ਹਾਂ ਦਰਸ਼ਨ ਨਹੀਂ ਹੁੰਦੇ। ਦਰਸ਼ਨ ਹੁੰਦੇ ਹਨ, ਸਤਿਗੁਰੂ ਦੀ ਬਾਣੀ ਦਾ ਅਧਿਐਨ ਕਰਨ ਨਾਲ, ਬਾਣੀ ਦੀ ਸਮਝ ਨਾਲ। ਗੁਰਬਾਣੀ ਪੜ੍ਹਨ-ਸੁਣਨ ਅਤੇ ਵੀਚਾਰ ਕੀਤੇ ਬਗੈਰ, ਮੁਕਤੀ ਨਹੀਂ ਹੋ ਸਕਦੀ, ਨਾ ਹੀ ਨਾਮ ਨਾਲ ਪਿਆਰ ਪੈ ਸਕਦਾ ਹੈ। ਗੱਲ ਤਾਂ ਸਾਰੀ ਪਿਆਰ ਦੀ ਹੈ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਅਤੇ ਇਹ ਪਿਆਰ ਦੀ ਗੱਲ ਸ਼ਬਦ ਦੀ ਵੀਚਾਰ ਨਾਲ ਬਣਨੀ ਹੈ।

ਦਰਸ਼ਨ ਦਾ ਅਰਥ ਹੈ : ਗੁਰੂ ਦੇ ਉਪਦੇਸ਼ ਅਤੇ ਗੁਣ ਸੁਣ ਕੇ ਗੁਰੂ ਨੂੰ ਅਤੇ ਉਸ ਦੇ ਉਪਦੇਸ਼ਾਂ ਨੂੰ ਅਪਣੇ ਹਿਰਦੇ ਅੰਦਰ ਵਸਾਉਣਾ।

ਸ਼ਬਦ ਹੀ ਗੁਰੂ ਹੈ ;- ਸ਼ਬਦ ਰੂਪ ਗੁਰੂ, ਸਤਿਗੁਰੂ ਹੈ, ਪੀਰਾਂ ਦਾ ਪੀਰ ਹੈ। ਸ਼ਬਦ ਰੂਪ ਵਿਚ ਗੁਰੂ ਗਹਿਰ ਗੰਭੀਰ ਹੈ। ਉਸਦਾ ਭੇਦ ਨਹੀਂ ਪਾਇਆ ਜਾ ਸਕਦਾ। ਉਹ ਪਹੁੰਚ ਤੋਂ ਪਰੇ ਹੈ। ਅਤਿਅੰਤ ਦੀਰਘ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਸ਼ਬਦ ਤੋਂ

ਬਿਨਾਂ ਸੰਸਾਰ ਪਾਗਲ ਹੋਈ ਫਿਰਦਾ ਹੈ।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥

ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥ (ਮ : ੧, ਅੰਗ-੬੩੫)

ਗੁਰੂ ਸ਼ਬਦ ਨਾਲ ਹੀ ਨਾਮ ਨੇ ਪ੍ਰਗਟ ਹੋਣਾ ਹੈ। ਨਾਮ ਕੀ ਹੈ? ਬੜਾ ਵੱਡਾ ਵਿਸ਼ਾ ਹੈ। ਪਰ ਥੋੜਾ ਨਾਂ ਮਾਤ੍ਰ ਦੱਸੀਏ;

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ (ਅੰਗ-੨੮੪)

ਉਸ ਕਰਤਾ-ਪੁਰਖ ਦੀ ਜੋਤਿ ਦਾ ਨਾਂ ਹੀ 'ਨਾਮ' ਹੈ। ਉਸ ਨਾਮ ਨੇ ਸਾਰੇ ਜੰਤ ਪੈਦਾ ਕੀਤੇ ਹਨ। ਉਸੀ ਨਾਮ ਦੇ ਖੰਡ ਬ੍ਰਹਮੰਡ ਬਣਾਏ ਹੋਏ ਹਨ। ਇਸ ਨਾਮ ਨੇ ਗੁਰੂਸ਼ਬਦ ਨਾਲ ਉਤਪੰਨ ਹੋਣਾ ਹੈ ਅਤੇ ਸ਼ਬਦ ਨੇ ਹੀ, ਕਰਤਾ-ਪੁਰਖ (ਵਾਹਿਗੁਰੂ ਜੀ) ਦਾ ਮੇਲ ਕਰਵਾਉਣਾ ਹੈ। ਪਰ ਖੇਡ ਕੀ ਬਣੀ ਹੋਈ ਹੈ! ਸ਼ਬਦ ਦੀ ਵੀਚਾਰ ਤਾਂ ਕੋਈ ਕਰਦਾ ਹੀ ਨਹੀਂ। ਵਾਦ-ਵਿਵਾਦ ਵਿਚ ਅਸੀਂ ਪਏ ਹੋਏ ਹਾਂ। ਸਿਦਕ, ਭਰੋਸਾ, ਵਿਸ਼ਵਾਸ ਨਹੀਂ ਕਰਦੇ, ਭਰਮ ਵਿਚ ਪਏ ਹੋਏ ਹਾਂ। ਨਾਮ ਤੋਂ ਬਿਨਾਂ ਸਾਰਾ ਸੰਸਾਰ ਬਉਰਾ ਹੈ, ਸ਼ੁਦਾਈ ਹੈ। ਗੁਰੂ ਸਾਹਿਬ ਦੇ ਕਹਿਣ ਅਨੁਸਾਰ ਨਾਮ-ਰਹਿਤ ਜੀਵ ਅਪਣਾ ਜੀਵਨ ਬੇਅਰਥ ਗੰਵਾ ਰਿਹਾ ਹੈ।

ਸਤਿਗੁਰੂ ਜੀ ਖਬਰਦਾਰ ਕਰਦੇ ਹਨ। ਸ਼ਬਦ ਤੋਂ ਬਿਨਾਂ ਚੁਕ ਜਾਏਂਗਾ, ਸੰਭਲ, ਗੁਰੂ-ਸ਼ਬਦ ਅੰਮ੍ਰਿਤ ਹੈ, ਮਿੱਠਾ ਹੈ, ਰਸਦਾਇਕ ਹੈ। ਸਾਰੀਆ ਇੱਛਾਵਾਂ ਪੂਰੀਆਂ ਕਰਨ ਵਾਲਾ ਹੈ। ਭਾਈ ! ਗੁਰੂ-ਚਰਨਾਂ ਨਾਲ ਜੁੜ ਕੇ ਇਸ ਦੀ ਪ੍ਰਾਪਤੀ ਕਰ ਲੈ, ਗੁਰੂ ਦੇ ਚਰਨ ਗੁਰੂ ਦਾ ਸ਼ਬਦ ਹੈ।

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ (ਅੰਗ-੬੪੪)

ਜਦੋਂ ਮੁਕਤੀ ਨਹੀਂ ਹੋਈ, ਕਲਿਆਣ ਕਿਵੇਂ ਹੋਊ ? ਇਸ ਪਉੜੀ (ਮਨੁੱਖਾ ਜਨਮ) ਤੋਂ ਜੋ ਚੁਕ ਗਿਆ, ਪੈਰ ਸੰਭਾਲਿਆ ਨਾ ਗਿਆ। ਦੂਜੇ ਡੰਡੇ ਤੇ ਪੈਰ ਕਿਵੇਂ ਜਾਊ ? ਡੰਡਾ-ਡੰਡਾ ਕਰਕੇ ਮੰਜ਼ਿਲ ਤੇ ਕਿਵੇਂ ਪਹੁੰਚੂ? ਮੰਜ਼ਿਲ ਤੇ ਪਹੁੰਚਣ ਲਈ ਸ਼ਬਦ ਦੀ ਚੋਟ ਨਾਲ ਮਾਇਆਵਾਦੀ ਸੰਸਾਰ ਤੋਂ ਅਲਿਪਤ ਰਹਿ ਸਕੀਦਾ ਹੈ। ਪ੍ਰਭੂ ਮਿਲਾਪ ਲਈ ਹਉਮੈ ਨੂੰ ਮਾਰਨਾ ਜ਼ਰੂਰੀ ਹੈ ਹਉਮੈ ਨੂੰ ਮਾਰਨਾਂ ਹੈ ਤਾਂ ਸ਼ਬਦ ਦੀ ਓਟ ਲੈਣੀ ਅਤਿ ਜ਼ਰੂਰੀ ਹੈ। ਹਉਮੈ ਮਰਨ ਨਾਲ ਨਾਮ ਨਾਲ ਪਿਆਰ ਪੈਂਦਾ ਹੈ।

ਸ਼ਬਦ ਕੀ ਹੈ ;- ਉੱਪਰ ਨਾਮ ਦੀ ਗੱਲ ਕੀਤੀ ਹੈ ਕਿ ਨਾਮ ਤੋਂ ਸੰਸਾਰ ਦੀ ਉਤਪੱਤੀ ਹੋਈ ਹੈ। ਨਾਮ, ਸ਼ਬਦ ਦਾ ਹੀ ਦੂਜਾ ਨਾਮ ਹੈ। ਹਰੇਕ ਧਰਮ ਇਹੋ ਹੀ ਮੰਨਦਾ ਹੈ ਕਿ ਸਭ ਤੋਂ ਪਹਿਲਾਂ ਸ਼ਬਦ ਹੋਇਆ ਅਤੇ ਸ਼ਬਦ ਤੋਂ ਹੀ ਫੇਰ ਸੰਸਾਰ ਦੀ ਰਚਨਾ ਹੋਈ ਹੈ।

ਹਿੰਦੂ ਮੱਤ ਵਿਚ ਸ਼ਬਦ ਨੂੰ, ਨਾਦ, ਪ੍ਰਣਵ, ਓਮ, ਧੁਨੀ, ਆਵਾਜ਼, ਬਚਨ ਜਾਂ ਸਵਰ ਕਿਹਾ ਜਾਂਦਾ ਹੈ।

ਮੁਸਲਮਾਨ ਮੱਤ ਅਨੁਸਾਰ ਇਸ ਨੂੰ ਕਲਮਾਂ, ਬਾਂਗਿ ਸੁਲਤਾਨੀ, ਕਲਾਮਿ ਇਲਾਹੀ ਵੀ ਕਿਹਾ ਜਾਂਦਾ ਹੈ। ਕੁਰਾਨ ਵਿਚ 'ਕੁਨ' ਕਿਹਾ ਗਿਆ ਹੈ।

ਨਾਥ ਮੱਤ ਵਾਲੇ ਸਮਾਧੀ ਦੇ ਰੂਪ ਵਿਚ ਅਨਹਦ ਨਾਦ ਸੁਣਦੇ ਹਨ।

ਯਹੂਦੀਆਂ ਨੇ ਸ਼ਬਦ ਨੂੰ 'ਖੁਦਾ ਦਾ ਨਿਯਮ' ਕਹਿ ਕੇ ਪੁਕਾਰਿਆ ਹੈ।

ਈਸਾਈ ਲੋਕ ਵੀ Word (ਸ਼ਬਦ) ਤੋਂ ਹੀ ਸੰਸਾਰ ਘੜਿਆ ਗਿਆ ਮੰਨਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਸ਼ਬਦ ਤੋਂ ਬਾਹਿਰ ਜਾਂਦੇ ਹੀ ਨਹੀਂ। ਗੁਰੂ ਅਮਰਦਾਸ ਜੀ ਫਰਮਾਉਂਦੇ ਹਨ;

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ (ਅੰਗ-੧੧੭)

ਸ਼ਬਦ ਦੇ ਪਰਿਆਏਵਾਚੀ ਅਨੇਕਾਂ ਹੀ ਨਾਮ ਹਨ ਜਿਵੇਂ ਧੁਰ ਕੀ ਬਾਣੀ, ਹੁਕਮ, ਹਰੀ, ਰਾਮ, ਨਾਦ, ਨਿਰਮਲ ਨਾਮ, ਨਾਦ, ਅਨਹਦ ਨਾਦ, ਅਨਹਤ ਨਾਦ, ਨਾਮ ਰਸਾਇਣ, ਸ਼ਬਦ, ਸੱਚਾ ਸ਼ਬਦ, ਅਕਥ ਕਥਾ ਆਦਿ ਆਦਿ ।

ਇਸ ਤਰਾਂ ਸ਼ਬਦ; ਅਕਾਲ, ਪ੍ਰਭੂ, ਪਾਰਬ੍ਰਹਮ, ਕਰਤਾ ਪੁਰਖ, ਸੰਸਾਰ ਦਾ ਰਚਨਹਾਰ ਅਤੇ ਆਦਿ, ਮੱਧ ਤੇ ਅੰਤ ਵਿਚ ਰਹਿਣ ਵਾਲਾ ਹੈ।

ਸਿਧ ਗੋਸਟਿ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਦੀ ਬਾਬਤ ਕਿੰਨਾਂ ਸਪਸ਼ਟ ਉਚਾਰ ਕਰਦੇ ਹਨ ;-

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥
ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥
ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥
ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥

(ਸਿਧ ਗੋਸਟਿ-੯੪੪)

ਭਾਵਾਰਥ ਹੈ ਕਿ ਉਹ ਸ਼ਬਦ ਜਿਸ ਨਾਲ ਅਲੱਖ ਪ੍ਰਭੂ ਨੂੰ ਪਾਈਦਾ ਹੈ, ਉਹ ਹਰ ਥਾਂ ਤੇ ਇਕ ਰਸ ਮੌਜੂਦ ਹੈ। ਸ਼ਬਦ ਦਾ ਵਾਸਾ ਜ਼ੱਰੇ ਜ਼ੱਰੇ ਵਿਚ ਹੈ। ਸ਼ਬਦ ਉਹੋ ਹੀ ਹੈ ਜਿਸ ਨੇ ਕਲਾ ਧਾਰਨ ਕੀਤੀ ਹੋਈ ਹੈ। ਜਦੋਂ ਪਰਮਾਤਮਾ ਦੀ ਮਿਹਰ ਹੋ ਜਾਵੇ ਤਾਂ ਸ਼ਬਦ ਸਾਡੇ ਹਿਰਦੇ ਵਿਚ ਵਸ ਜਾਂਦਾ ਹੈ ਅਤੇ ਮਨ ਦੇ ਭਰਮ ਭੇਦ ਮਿਟ ਜਾਂਦੇ ਹਨ।

ਹਿਰਦੇ ਵਿਚ ਸ਼ਬਦ ਵੱਸਣ ਨਾਲ ਤਨ ਅਤੇ ਮਨ ਪਵਿੱਤ੍ਰ ਹੋ ਜਾਂਦੇ ਹਨ ਅਤੇ ਉਸਦੀ ਬੋਲ ਬਾਣੀ ਵੀ ਪਵਿੱਤ੍ਰ ਹੋ ਜਾਂਦੀ ਹੈ। ਗੁਰੂ ਦੇ ਸ਼ਬਦ ਨਾਲ ਸੰਸਾਰ ਸਾਗਰ ਤੋਂ ਤਰ ਜਾਈਦਾ ਹੈ। ਤਰਨ ਵਾਲਾ ਮਨੁੱਖ ਐਥੇ-ਉਥੇ, ਲੋਕ-ਪ੍ਰਲੋਕ ਵਿਚ ਇਕੋ ਪਰਮਾਤਮਾ ਨੂੰ ਪਛਾਣਦਾ ਹੈ। ਉਹ ਉਸ ਸ਼ਬਦ ਨੂੰ ਪਛਾਣਦਾ ਹੈ ਜਿਸ ਦਾ ਕੋਈ ਚਿਨ੍ਹ, ਵਰਨ ਨਹੀਂ ਹੈ ਅਤੇ ਜੋ ਮਾਇਆ ਤੋਂ ਨਿਰਲੇਪ ਹੈ।

ਅਸੀਂ ਸਾਰੇ ਧਾਰਮਿਕ ਅਸਥਾਨਾਂ ਤੇ ਧਾਰਮਿਕ ਸਮਾਗਮਾਂ ਤੇ ਗੁਰੂ ਕੇ ਲੰਗਰ ਚਲਾਉਂਦੇ ਹਨ। ਇਹ ਲੰਗਰ ਕਿਸ ਲਈ ਹਨ, ਇਸ ਲਈ ਕਿ ਸ਼ਬਦ ਦੀ ਵੀਚਾਰ (ਗੁਰਬਾਣੀ ਸੁਣਣ ਪੜ੍ਹਨ) ਕਰਕੇ, ਆਤਮਿਕ ਤ੍ਰਿਪਤੀ ਕੀਤੀ ਜਾਵੇ ਉਸ ਤੋਂ ਬਾਅਦ ਪੇਟ ਦੀ ਭੁੱਖ ਅੰਨ ਪਾਣੀ ਨਾਲ ਵੀ ਮਿਟਾ ਲਿੱਤੀ ਜਾਵੇ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਚਲ ਰਹੇ ਸ਼ਬਦ-ਲੰਗਰ ਦੀ ਗੱਲ ਰਾਇ ਬਲਵੰਡ ਅਤੇ ਸਤਾ ਅਪਣੀ ਵਾਰ "ਰਾਮਕਲੀ ਕੀ ਵਾਰ" ਵਿਚ ਬਿਆਨੇ ਹਨ ;-

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ (ਅੰਗ-੯੬੭)

ਭਾਵ ਸ਼ਬਦ ਦੀ ਮਹੱਤਤਾ ਬਹੁਤ ਉੱਚੀ ਹੈ। ਗੁਰੂ ਸਾਹਿਬ ਨੇ ਸ਼ਬਦ ਦਾ ਲੰਗਰ ਚਲਾਇਆ ਹੋਇਆ ਹੈ, ਅਤੇ ਇਸ ਵਿਚ ਕਿਸੇ ਕਿਸਮ ਦੀ ਤੋਟ ਨਹੀਂ ਆਉਂਦੀ। ਖਸਮ ਵੱਲੋਂ ਦਿੱਤੀ ਗਈ ਨਾਮ ਦੀ ਦਾਤ ਨੂੰ ਆਪ ਸਤਿਗੁਰੂ ਜੀ ਸੇਵਨ ਕਰਦੇ ਹਨ ਅਤੇ ਚੰਗੀ ਤਰ੍ਹਾਂ ਸੰਗਤਾਂ ਵਿਚ ਵੰਡਦੇ ਹਨ।

ਗੁਰਬਾਣੀ ਗੁਰੂ ਹੈ ;- ਗੁਰੂ ਦੀ ਮਤਿ ਜੋ ਹੈ ਸੋ ਗੁਰੂ ਦੇ ਦਰਸ਼ਨ ਹਨ। ਸਾਰਾ ਸ਼ਬਦ ਦਾ ਹੀ ਪਸਾਰਾ ਹੈ। ਦੇਖੋ, ਉਪ੍ਰੋਕਤ ਵਿਚਾਰ ਵਿਚ ਕਿਤੇ ਆਈ ਹੈ ਕੋਈ ਦੇਹ ਦੀ ਕਹਾਣੀ? ਨਹੀਂ ! ਵਾਰਤਾ ਸਾਰੀ ਸ਼ਬਦ ਦੀ ਹੈ। ਬਾਣੀ ਦੀ ਹੈ। ਐਸੀ ਗੁਰਮਤਿ ਦੀ ਧਾਰਨਾ ਧਾਰ ਕੇ ਮਨ ਨਾਲ ਗੁਰਬਾਣੀ ਦੀ ਵੀਚਾਰ ਕਰ ਕਰਕੇ, ਇਸ ਮਨੂਏ ਨੂੰ ਸਮਝਾਉਣਾ ਹੈ। ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਜੀ ਦੀ ਬਾਣੀ ਨੂੰ ਸਤਿ ਸਤਿ ਕਰਕੇ ਮੰਨਣਾ ਹੈ। ਇਹ ਹੀ ਨਿਰੋਲ ਸਤਿ ਹੈ ਅਤੇ ਬਾਣੀ ਵੀ ਸਤਿ ਦੀ ਹੈ,ਜੋ ਸੱਚ ਦਾ ਸਾਡੇ ਅੰਦਰ ਪ੍ਰਵੇਸ਼ ਕਰਦੀ ਹੈ।

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

ਇਹ ਬਾਣੀ ਮਾਇਆਵਾਦੀ ਨਹੀਂ, ਆਧਿਆਤਮਿਕ ਹੈ, ਆਤਮਿਕ ਹੈ। ਸਤਿਨਾਮ ਦੀ ਬਾਣੀ ਹੈ। ਧੁਰ ਦਰਗਾਹ 'ਚੋਂ ਆਈ ਹੈ। ਇਸ ਨਾਲ ਮਿਲ ਕੇ ਜੀਵਨ ਸਫਲਾ ਹੋਣਾ ਹੈ।

ਗੁਰਬਾਣੀ ਤੋਂ ਹੀ ਸਾਨੂੰ ਜੀਵਨ ਜਾਚ ਮਿਲ ਸਕਦੀ ਹੈ। ਹੋਰ ਕੱਚੇ ਪਿੱਲਿਆਂ ਤੋਂ ਕੋਈ ਅਗਵਾਈ ਨਹੀਂ ਮਿਲ ਸਕਦੀ। "ਲੋਗਨ ਰਾਮ ਖਿਲੌਨਾ ਜਾਨਾ ।" ਰਾਮ ਦਾ ਗਿਆਨ ਕੋਈ ਬੱਚਿਆਂ ਦੀ ਖੇਡ ਨਹੀਂ, ਜਣਾ ਖਣਾ ਉਠ ਕੇ ਗੁਰੂ ਬਣ ਬੈਠੇ। ਸ਼ਬਦ ਗੁਰੂ ਤੋਂ ਬਿਨਾਂ ਜੋ ਹਨ ਉਹ ਤਾਂ ਕੱਚੇ ਪਿੱਲੇ ਹਨ, ਉਨ੍ਹਾਂ ਦੇ ਅੰਦਰ ਹੋਰ ਅਤੇ ਬਾਹਰ ਕੁਝ ਹੋਰ ਹੈ। ਨਿਰਾ ਦਿਖਾਵਾ ਹੈ। ਉਨ੍ਹਾਂ ਦੀ ਮੰਜ਼ਲ ਤਾਂ ਮਾਇਆ ਹੈ। ਉਹ ਮਾਇਆ, ਜੋ ਵਿਸ਼ ਹੈ। ਗੁਰੂ-ਗੁਰਬਾਣੀ ਦਾ ਫ਼ੁਰਮਾਣ ਹੈ:-

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨ੍ਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥

(ਅੰਗ-੩੦੪)

ਅਫਸੋਸ ਦੀ ਗੱਲ ਹੈ ਕਿ ਛੱਤੀ ਮਹਾਂ ਪੁਰਸ਼ਾਂ ਦੀ 'ਧੁਰ ਕੀ ਬਾਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਪਾਸ ਮੌਜੂਦ ਹੈ। ਸਾਰੀ ਦੀ ਸਾਰੀ ਬਾਣੀ ਸ਼ਬਦ ਸਰੂਪ ਗੁਰੂ ਹੈ, ਅਸੀਂ ਇਸ ਉੱਤੇ ਤਾਂ ਵਿਸ਼ਵਾਸ਼ ਨਹੀਂ ਕਰਦੇ, ਇਸ ਨੂੰ ਤਾਂ ਗੁਰੂ ਮੰਨਦੇ ਨਹੀਂ ਸਗੋਂ ਜੋ ਇਸ ਵਿਚੋਂ ਸ਼ਬਦ ਲੈ ਕੇ, ਉਦਾਹਰਣਾਂ ਲੈ ਕੇ ਅਪਣੇ ਮਤਲਬ ਦੇ ਅਰਥ ਕੱਢਦੇ ਹਨ, ਉਨ੍ਹਾਂ ਨੂੰ ਗੁਰੂ ਮੰਨ ਲੈਂਦੇ ਹਾਂ। ਕੀ ਉਹ ਕੱਚੇ ਪਿੱਲੇ ਗੁਰੂ ਨਹੀਂ? ਉਨ੍ਹਾਂ ਪਾਸ ਅਪਣਾ ਕੀ ਹੈ? ਜਿੱਨਾਂ ਮਰਜ਼ੀ ਜ਼ੋਰ ਲਾ ਲੈਣ ਇਕ ਤੁਕ ਵੀ ਇਸ ਦੇ ਬਰਾਬਰ ਦੀ ਨਹੀਂ ਰਚ ਸਕਦੇ। ਹੈ ਕੋਈ ਸ਼ਬਦ ਇਨ੍ਹਾਂ ਨੇ ਰਚਿਆ ਹੋਵੇ ਅਤੇ ਉਹ ਗੁਰਬਾਣੀ ਦੇ ਤੁਲ ਜਾਪਦਾ ਹੋਵੇ? ਅਫਸੋਸ ਹੈ ਅਸੀਂ 'ਜੋਤਿ' ਸਰੂਪ ਗੁਰਬਾਣੀ ਨੂੰ ਛੱਡ ਕੇ ਦੇਹਾਂ (ਸਰੀਰਾਂ) ਦੇ ਮਗਰ ਫਿਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸ਼ਬਦ ਇਕੋ ਰੂਪ ਹਨ। ਇਹੋ ਹੀ ਗੁਰੂ ਹੈ ਇਸ ਵਿਚ ਅਨੇਕਾਂ ਹੀ ਰਤਨ ਜਵਾਹਰਾਤ ਭਰੇ ਪਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼ਬਦ-ਗੁਰੂ) ਦੀ ਕ੍ਰਿਪਾ ਨਾਲ ਇਸ ਖਜ਼ਾਨੇ ਨੂੰ ਪਾਇਆ ਜਾ ਸਕਦਾ ਹੈ। ਸਾਫ ਸਾਫ ਗੁਰਬਾਣੀ ਅੰਦਰ ਅੰਕਿਤ ਹੈ:-

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭਮਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ (ਅੰਗ-੬੪੬)

ਉਹ ਅਕਾਲ ਪੁਰਖ ਸਾਰੀਆਂ ਅਵਸਥਾਵਾਂ ਵਿਚ ਵਰਤ ਰਿਹਾ ਹੈ :-

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥
ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥ (ਅੰਗ-੩੯)

ਸਤਿਗੁਰੂ ਤਾਂ ਉਹ ਹੈ ਜੋ ਸਦਾ ਸਦਾ ਸੰਸਾਰ ਤੇ ਰਹਿੰਦਾ ਹੈ। ਉਹ ਆਦਿ ਅੰਤ ਮੌਜੂਦ ਰਹਿੰਦਾ ਹੈ। ਅਬਿਨਾਸ਼ੀ ਹੈ। ਜੰਮਦਾ ਮਰਦਾ ਨਹੀਂ ਪਰ ਜੋ ਦੇਹ ਵਿਚ ਹੈ, ਉਹ ਤਾਂ ਅਵੱਸ਼ ਹੀ ਜੰਮੇਗਾ ਅਤੇ ਮਰੇਗਾ।

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ (ਅੰਗ-੭੫੯)
ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਓ ਹਮਾਰਾ ॥
(ਕਬਿਓ ਵਾਚ ਬੇਨਤੀ ਚੌਪਈ)

ਹੈ ਕੋਈ ਸ਼ੱਕ? ਕੀ ਕਹਿੰਦੀ ਹੈ ਗੁਰਬਾਣੀ? ਜੋ ਆਦਿ ਅਤੇ ਅੰਤ ਹੈ,

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਗੁਰਬਾਣੀ ਸਦਾ ਸਦਾ ਅਤੇ ਹਰ ਥਾਂ ਮੌਜੂਦ ਹੈ;

ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥ (ਅੰਗ-੧੦੬੫)

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥(ਅੰਗ-੧੦੬੬)

ਗੁਰੂਆਂ ਦੀ, ਭਗਤਾਂ ਦੀ ਬਾਣੀ ਵਾਹਿਗੁਰੂ ਹੀ ਹੈ, ਬ੍ਰਹਮ ਹੀ ਹੈ,

ਗੁਰਮੁਖਿ ਬਾਣੀ ਬ੍ਰਹਮ ਹੈ ਸਬਦਿ ਮਿਲਾਵਾ ਹੋਇ ॥ (ਅੰਗ-੩੯)

ਪ੍ਰਭੂ ਜੀ, ਗੁਰਬਾਣੀ ਰੂਪ ਅਤੇ ਸ਼ਬਦ ਰੂਪ ਹੋ ਕੇ ਸਰਬ ਵਿਆਪਕ ਹਨ;

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ (ਅੰਗ-੧੨੭੫)

ਉਹ ਕੌਣ ਹੋ ਸਕਦਾ ਹੈ ਜੋ ਸਭ ਵਿਚ ਵਰਤ ਰਿਹਾ ਹੈ? ਕੇਵਲ ਤੇ ਕੇਵਲ ਅਕਾਲ ਪੁਰਖ! ਸਥਿਰ ਘਰ ਵਾਲਾ। ਸੋ ਉਪ੍ਰੋਕਤ ਬਿਆਨਾਂ ਅਨੁਸਾਰ ਅਕਾਲ ਪੁਰਖ ਹੀ ਗੁਰੂ ਹੈ। ਸਤਿਗੁਰੂ, ਸਤਿਪੁਰਖ ਨੂੰ ਜਾਨਣ ਵਾਲਾ ਉਹ ਆਪ ਹੀ ਹੈ। ਉਹ ਅੰਤਰਜਾਮੀ ਹੈ। ਸਭ ਕੁਝ ਉਸ ਦੀ ਗਿਆਤ ਵਿਚ ਹੈ।

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥ (ਅੰਗ-੧੪੨੧)

ਇਸੇ ਤਰ੍ਹਾਂ ਹੋਰ ਫੁਰਮਾਉਂਦੇ ਹਨ :-

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ (ਸੁਖਮਨੀ-੧੮)

ਸਤਿਪੁਰਖ (ਵਾਹਿਗੁਰੂ ਜੀ) ਦਾ ਅੰਤ ਪਾਉਣ ਲਈ ਅਨੇਕਾਂ ਨੇ ਕੋਸ਼ਿਸ਼ ਕੀਤੀ, ਪਰ ਕਿਸੇ ਨੂੰ ਅੰਤ ਨਹੀਂ ਲੱਭਾ।

ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ (ਜਪੁਜੀ)

ਉਸਦਾ ਭੇਦ ਧਾਰਮਿਕ ਗ੍ਰੰਥਾਂ, ਵੇਦਾਂ, ਉਪਨਿਸ਼ਦਾਂ, ਸ਼ਾਸ਼ਤਰਾਂ ਅਤੇ ਅਵਤਾਰਾਂ ਨੇ ਵੀ ਨਹੀਂ ਪਾਇਆ। ਉਹ ਅਪਣੇ ਭੇਦ ਨੂੰ ਆਪ ਹੀ ਜਾਣਦਾ ਹੈ। ਫਿਰ ਇਹ ਕੱਚੇ ਪਿੱਲੇ ਲੋਗ ਉਸਦੀ ਬਾਬਤ ਕੀ ਦੱਸਣਗੇ?

ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ (ਅੰਗ-੮੯੪)

ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਛੇ ਸਤਿਗੁਰਾਂ ਦੀ ਬਾਣੀ ਦਰਜ ਹੈ, ਉਨ੍ਹਾਂ ਵਿਚੋਂ ਕਿਸੇ ਇਕ ਪਾਤਸ਼ਾਹੀ ਨੇ ਵੀ ਅਪਣੇ ਪਹਿਲੇ ਗੁਰੂ ਦੀ ਸਿਫਤ ਦੇਹ ਕਰਕੇ ਨਹੀਂ ਕੀਤੀ। ਬਲਕਿ ਹੋਰ ਸਾਰੇ ਭਗਤਾਂ ਨੇ ਵੀ ਅਕਾਲ ਪੁਰਖ ਨੂੰ ਸ਼ਬਦ ਕਰਕੇ ਪੂਜਿਆ ਹੈ। ਕਿਸੇ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਕਿ ਉਸ ਦਾ ਗੁਰੂ ਕੋਈ ਦੇਹਧਾਰੀ ਹੈ। ਸਗੋਂ ਸਾਰਿਆਂ ਨੇ ਕਵੀ-ਸੇਵਕ ਜਨ-ਦਾਸ-ਢਾਡੀ ਜਾਂ ਨਿਮਾਣਾ ਜਿਹਾ ਕੀਟ ਆਪਣੇ ਆਪ ਨੂੰ ਮੰਨ ਕੇ ਕੇਵਲ ਵਾਹਿਗੁਰੂ ਦੀ ਅਤੇ ਗੁਰੂ ਦੀ, ਸ਼ਬਦ ਕਰਕੇ ਸਿਫ਼ਤ ਸ਼ਲਾਘਾ ਕੀਤੀ ਹੈ। ਸਾਰਾ ਜ਼ੋਰ ਸ਼ਬਦ ਗੁਰੂ ਤੇ ਹੀ ਦਿੱਤਾ ਹੈ। ਸ਼ਬਦ ਨੂੰ ਹੀ ਗੁਰੂ ਜਾਂ ਸਤਿਗੁਰੂ ਆਖਿਆ ਗਿਆ ਹੈ। ਇਸੇ ਦੇ ਗੁਣ ਗਾਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ 'ਸਿਧ ਗੋਸਟਿ' ਬਾਣੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਦੇ ਵਿਚਕਾਰ ਗੱਲ ਬਾਤ ਹੋਈ ਹੈ, ਵਿਚ, ਸ਼ਬਦ ਨੂੰ ਹੀ ਪ੍ਰਮੁੱਖ ਰਖਿਆ ਗਿਆ ਹੈ। ਸਿੱਧਾਂ ਨੇ ਪ੍ਰਸ਼ਨ ਕੀਤਾ :-

ਕਵਣੁ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥ (ਅੰਗ-੯੪੩)

ਹੇ ਬਾਲਕ ! ਤੂੰ ਦੱਸ ਕਿ ਜੀਵਨ ਦਾ ਮੁੱਢ ਕੀ ਹੈ ? ਕਿਸ ਮੱਤ ਦੇ ਧਾਰਨ ਕਰਨ ਦੀ

ਲੋੜ ਹੈ। ਤੇਰਾ ਗੁਰੂ ਕਉਣ ਹੈ, ਜਿਸ ਦਾ ਤੂੰ ਚੇਲਾ ਹੈਂ? ਕਿਸ ਦੀ ਕਥਾ (ਗਿਆਨ) ਕਰਕੇ ਤੁਸੀਂ ਜਗਤ ਤੋਂ ਨਿਰਾਲੇ ਰਹਿੰਦੇ ਹੋ ? ਭਵਜਲ ਤੋਂ ਸ਼ਬਦ ਕਿਵੇਂ ਪਾਰ ਉਤਾਰਦਾ ਹੈ ?

ਸਤਿਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ :-

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥

(ਅੰਗ-੯੪੩)

ਗੁਰੂ ਸਾਹਿਬ ਨੇ ਫਰਮਾਇਆ ਪ੍ਰਾਣ (ਹਵਾ) ਜੀਵਨ ਦਾ ਮੁੱਢ ਹਨ ਅਤੇ ਸਤਿਗੁਰੂ ਦੀ ਮੱਤ ਦਾ ਸਮਾਂ ਹੈ। ਸ਼ਬਦ ਗੁਰੂ ਹੈ ਅਤੇ ਸ਼ਬਦ ਵਿਚ ਸੁਰਤਿ ਦਾ ਟਿਕਣਾ ਚੇਲਾ ਹੈ। ਉਸ ਵਾਹਿਗੁਰੂ ਦੀ ਅਕਥ ਕਥਾ ਮੈਂ ਹਿਰਦੇ ਵਿਚ ਰੱਖਦਾ ਹਾਂ, ਉਹ ਵਾਹਿਗੁਰੂ ਹੀ ਜੁੱਗਾਂ ਜੁਗਾਂਤਰਾਂ ਵਿਚ ਗੁਰੂ ਹੈ ਅਤੇ ਕਾਇਮ ਰਹਿੰਦਾ ਹੈ।

ਸਤਿਗੁਰੂ ਜੀ ਨੇ ਸ਼ਬਦ ਨੂੰ ਗੁਰੂ ਅਤੇ ਅਪਣੀ ਸੁਰਤ ਨੂੰ ਸਿੱਖ ਆਖਿਆ ਹੈ। ਇਸ ਤਰ੍ਹਾਂ ਸ਼ਬਦ ਜਾਂ ਗੁਰੂ ਦੀ ਬਾਣੀ ਗੁਰੂ ਹੈ। ਗੁਰੂ ਸਾਹਿਬ ਨੇ ਜੋ ਬਾਣੀ ਉਚਾਰਨ ਕੀਤੀ ਹੈ ਜਾਂ ਜੋ ਹੋਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸੇ ਨੂੰ ਹੀ ਗੁਰੂ ਦੀ ਪਦਵੀ ਪ੍ਰਾਪਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਸੇਵਕ ਜਨ ਗੁਰਬਾਣੀ ਉੱਤੇ ਨਿਸ਼ਚਾ ਰੱਖ ਕੇ ਅਪਣੇ ਮਨ ਵਿਚ ਗੁਰੂ ਭਾਵ ਦ੍ਰਿੜ੍ਹ ਕਰਦਾ ਹੈ ਤਾਂ

ਗੁਰਬਾਣੀ ਪਰਤੱਖ ਹੋ ਕੇ ਗੁਰੂ ਦਾ ਪ੍ਰਗਟਾਵਾ ਕਰਦੀ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਅੰਗ-੯੮੨)

ਇਹ ਬਾਣੀ ਸੌਖੇ ਹੀ ਜੀਵ ਦੀ ਤਿੰਨਾਂ ਗੁਣਾਂ ਤੋਂ ਮੁਕਤੀ ਕਰਾਉਂਦੀ ਹੈ ਮਿਰਤ ਲੋਕ ਦਾ ਆਵਾਗਉਣ ਕੱਟਦੀ ਹੈ। ਸਤਿਗੁਰੂ ਦੇ ਬਚਨ ਹੀ ਸਤਿਗੁਰੂ ਹਨ।

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ (ਅੰਗ-੧੩੧੦)

ਅੱਜ ਦੇ ਆਪੂੰ ਬਣੇ ਗੁਰੂ ਆਪਣੇ ਚੇਲਿਆਂ ਨੂੰ ਆਪਣੀ ਫੋਟੋ ਦਾ ਧਿਆਨ ਕਰਨ ਲਈ ਕਹਿੰਦੇ ਹਨ। ਅਖੌਤੀ ਮਹਾਂ ਪੁਰਸ਼ਾਂ, ਬ੍ਰਹਮ ਗਿਆਨੀਆਂ ਦੀਆਂ ਫੋਟੋਆਂ ਉਨ੍ਹਾਂ ਦੇ ਡੇਰਿਆਂ ਤੇ, ਉਨ੍ਹਾਂ ਦੇ ਸਾਹਮਣੇ ਆਮ ਵਿਕਦੀਆ ਹਨ। ਗੁਰੂ ਮੂਰਤਿ ਜਿਸ ਦਾ ਜ਼ਿਕਰ ਹੁਣ ਅਸੀਂ ਅੱਗੇ ਕਰਾਂਗੇ, ਦਾ ਧਿਆਨ ਛੱਡ ਕੇ ਦੇਹ ਧਾਰੀ ਫੋਟੋ ਦਾ ਧਿਆਨ ਧਰਿਆ ਤੇ ਧਰਾਇਆ ਜਾਂਦਾ ਹੈ। ਗੁਰੂ ਦੇ ਚਰਨਾਂ ਦੀ ਗੱਲ ਗੁਰੂ-ਗੁਰਬਾਣੀ ਸਮਝਾਉਂਦੀ ਹੈ ਕਿ ਗੁਰੂ ਦੀ ਦੇਹ ਜਾਂ ਚਰਨ ਕਿਸੇ ਹੱਡ ਮਾਸ ਦੇ ਬਣੇ ਹੋਏ ਨਹੀਂ ਹਨ:-

ਗੁਰੂ ਮੂਰਤਿ ਗੁਰੁ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥
ਦੁਨੀਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ ॥

(ਭਾਈ ਗੁਰਦਾਸ ਜੀ ਵਾਰ-੨੪-੧੧)

ਦੁਨੀਆਵੀ ਸਾਹਿਬ (ਦੇਹਧਾਰੀ) ਝੂਠੇ ਹਨ। ਗੁਰੂ ਦੀ ਮੂਰਤਿ ਤਾਂ, ਗੁਰੂ ਦਾ ਸ਼ਬਦ ਹੈ। ਗੁਰੂ ਦੇ ਸ਼ਬਦ ਦੀ ਕਮਾਈ ਨਾਲ ਦੂਈ ਦਵੈਖ ਦੂਰ ਹੋ ਜਾਂਦੀ ਹੈ:-

ਸ੍ਰੀ ਗੁਰੂ ਅਰਜਨ ਦੇਵ ਜੀ ਗੋਂਡ ਰਾਗ ਵਿਚ ਫੁਰਮਾਉਂਦੇ ਹਨ :-

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥

(ਅੰਗ-੮੬੪)

ਸ਼ਬਦ ਹੀ ਗੁਰੂ ਦਾ ਮੰਤ੍ਰ ਹੈ ਅਤੇ ਇਸੇ ਸ਼ਬਦ ਨੂੰ ਮਨ ਵਿਚ ਵਸਾਉਣਾ, ਗੁਰੂ ਦੀ ਮੂਰਤ ਨੂੰ ਮਨ ਵਿਚ ਵਸਾਉਣਾ ਹੈ।

ਗੁਰੂ ਦੇ ਚਰਨ ਹਿਰਦੇ ਵਿਚ ਧਾਰਨ ਕਰੀਏ ਅਤੇ ਸਦਾ ਧਿਆਨ ਰੱਖੀਏ ਕਿ ਪਾਰਬ੍ਰਹਮ ਹੀ ਗੁਰੂ ਹਨ।

ਉਹ ਸਬਦ ਹਰ ਥਾਂ ਤੇ ਹਰ ਸਮੇਂ ਵਸਦਾ ਹੈ। ਸੁੰਨ ਦੀ ਅਵਸਥਾ ਤੋਂ ਪਵਨ ਪੈਦਾ ਹੋਈ, ਕਲਾ ਵਰਤੀ ਅਤੇ ਸ਼ਬਦ ਹੋਇਆ।

ਕੀਤਾ ਪਸਾਉ ਏਕੋ ਕਵਾਉ ॥ (ਜਪੁਜੀ)

ਸੰਸਾਰ ਦੀ ਰਚਨਾ ਹੋਈ। ਇਹ ਕਵਾਉ ਹੀ ਸ਼ਬਦ ਹੈ ਜੋ ਗੁਰੂ ਹੈ। ਇਸੀ ਸ਼ਬਦ-ਗੁਰੂ ਦੇ ਆਸਰੇ ਨਾਲ ਇਸ ਭੈ ਦੇ ਸਾਗਰ (ਸੰਸਾਰ) ਤੋਂ ਪਾਰ ਉਤਰਨਾ ਹੈ। ਜਿਸ ਪਰਮਾਤਮਾ ਦਾ ਕੋਈ ਚਿਹਨ ਚੱਕਰ ਨਹੀਂ ਹੈ, ਉਸ ਨੂੰ ਇਸੇ ਸ਼ਬਦ ਨਾਲ ਪਛਾਣਿਆ ਜਾਂਦਾ ਹੈ। ਉਸ ਦੀ ਵਾਹੁ ਵਾਹੁ ਕਰਕੇ ਸੁਰਤ ਨੂੰ ਚੇਲਾ ਬਣਾ ਕੇ ਅਲਖ ਨੂੰ ਲਖਿਆ ਜਾਂਦਾ ਹੈ ;-

ਸਬਦ ਗੁਰੂ ਸੁਰਤਿ ਧੁਨਿ ਚੇਲਾ ॥

ਸਬਦ ਗੁਰੂ ਦੀ ਹੋਰ ਗਵਾਹੀ ਗਉੜੀ ਰਾਗ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਿੰਦੇ ਹਨ। ਆਪ ਫੁਰਮਾਣ ਕਰਦੇ ਹਨ ;-

ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗ ਜੁਗੁ ਭਗਤ ਪਿਆਰੇ ॥ (ਅੰਗ-੨੪੬)

ਇਸ ਤੋਂ ਹੋਰ ਵੱਡੀ ਗਵਾਹੀ ਕੀ ਹੋ ਸਕਦੀ ਹੈ। ਸਤਿਗੁਰੂ ਜੀ ਆਖਦੇ ਹਨ ਕਿ ਆਪ

ਅਕਾਲ ਪੁਰਖ, ਸਤਿਗੁਰੂ ਅਤੇ ਸ਼ਬਦ ਰੂਪ ਉਹ ਆਪ ਹੀ ਹੈ। ਜੁੱਗਾਂ ਜੁੱਗਾਂ ਵਿੱਚ ਜੋ ਭਰਪੂਰ ਹੈ ਅਤੇ ਸ਼ਬਦ ਦੁਆਰਾ ਹੀ ਪਾਇਆ ਜਾਂਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਅਪਣਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਨੂੰ ਦੱਸਿਆ ਹੈ ਅਤੇ ਬਾਕੀ ਸਾਰੇ ਗੁਰੂ ਸਾਹਿਬ ਜੀ ਨੇ ਸਾਨੂੰ (ਸਿੱਖਾਂ ਨੂੰ) ਸ਼ਬਦ ਦੇ ਨਾਲ ਹੀ ਜੋੜਿਆ ਹੈ; ਸਤਿਗੁਰੂ ਨਾਨਕ ਦੇਵ ਜੀ ਦੇ ਬਚਨ ਹਨ :-

**ਅਪਰੰਪਰ ਪਾਰਬ੍ਰਹਮੁ ਪਰਮੇਸੁਰ ਨਾਨਕ ਗੁਰੁ ਮਿਲਿਆ ਸੋਈ ਜੀਉ ॥**

(ਅੰਗ-੫੯੯)

ਦਸਵੇਂ ਪਾਤਸ਼ਾਹ ਨੇ ਇਕ ਅਕਾਲ ਪੁਰਖ ਨੂੰ ਹੀ ਅਪਣਾ ਗੁਰੂ ਮੰਨਜੂਰ ਕੀਤਾ;-

**ਆਦਿ ਅੰਤ ਏਕੈ ਅਵਤਾਰਾ । ਸੋਈ ਗੁਰੂ ਸਮਝਿਯਹੁ ਹਮਾਰਾ ।**

(ਕਬਿਓ ਵਾਚ ਚੌਪਈ, ਪਾਤਸਾਹੀ-੧੦)

ਸ਼ਬਦ ਨੂੰ ਗੁਰ ਗੱਦੀ ਦੀ ਪਦਵੀ ਹਾਸਲ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ "ਪੋਥੀ ਪਰਮੇਸੁਰ ਕਾ ਥਾਨ।" ਫੁਰਮਾਣ ਕੀਤਾ। ਅੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹ ਦੇ ਸੰਕਲਪ ਨੂੰ ਉੱਕਾ ਹੀ ਸਮਾਪਤ ਕਰ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਗੁਰੂ ਦੀ ਦੇਹ, ਜੁਗੋ ਜੁਗ ਅਟੱਲ 'ਸ਼ਬਦ' ਨੂੰ ਸਤਿਗੁਰੂ ਮੰਨਣ ਲਈ ਅਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੰਕਾਰ ਦੀ ਜੋਤ ਸਮਾਈ ਹੋਈ ਹੈ। ਭਾਈ ਨੰਦ ਲਾਲ ਜੀ ਅਪਣੇ ਰਹਿਤਨਾਮੇ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਹੋਈ ਵਾਰਤਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ :-

**ਨੰਦਲਾਲਉਵਾਚ**
**ਤੁਮ ਜੁ ਕਹਾ ਗੁਰਦੇਵ ਜੀ, ਦਰਸ਼ਨ ਕਰਿ ਮੁਹ ਆਇ ।**
**ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ ।੫।**

**ਸ੍ਰੀ ਗੁਰੂ ਵਾਚ**
**ਤੀਨ ਰੂਪ ਹੈਂ ਮੋਹ ਕੇ, ਸੁਨਹੁ ਨੰਦ ! ਚਿਤ ਲਾਇ ।**
**ਨਿਰਗੁਣ, ਸਰਗੁਣ, ਗੁਰਸ਼ਬਦ ਕਹਹੁੰ ਤੋਹਿ ਸਮਝਾਇ ।੬।**

**ਚੌਪਈ**
**ਏਕ ਰੂਪ ਤਿਹੁ ਗੁਣ ਤੇ ਪਰੇ ਨੇਤਿ ਨੇਤਿ ਜਿਹ ਨਿਗਮ ਉਚਰੇ ।**
**ਘਟਿ ਘਟਿ ਵਿਆਪਕ ਅੰਤਰਜਾਮੀ । ਪੂਰਿ ਰਹਯੋ ਜਿਉਂ ਜਲ ਘਟ ਪਾਨੀ ।੭।**

ਦੂਸਰ ਰੂਪ ਗ੍ਰੰਥ ਜੀ ਜਾਨਹੁ । ਆਪਨ ਅੰਗ ਮੇਰੇ ਕਰ ਮਾਨਹੁ ।
ਰੋਮ ਰੋਮ ਅੱਛਰ ਸੋ ਲਹਹੁ । ਬਾਤ ਜਥਾਰਥ ਤੁਮ ਸੋਂ ਕਹਹੁੰ ।੮।
ਜੋ ਸਿਖ ਗੁਰ ਦਰਸ਼ਨ ਕੀ ਚਾਹਿ । ਦਰਸ਼ਨ ਕਰੇ ਗ੍ਰੰਥ ਜੀ ਆਹਿ ।
ਪ੍ਰਭਾਤ ਸਮੇਂ ਕਰਕੈ ਇਸਨਾਨ । ਤੀਨ ਪ੍ਰਦੱਛਣਾ ਕਰੈ ਸੁਜਾਨ ।੯।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ । ਗਿਆਨ ਸ਼ਬਦ ਗੁਰ ਸੁਨੈ ਸੁਨਾਇ ।
ਜੋ ਮਮ ਸਾਥ ਚਹੇ ਕਰਿ ਬਾਤ । ਗ੍ਰੰਥ ਜੀ ਪੜ੍ਹੈ ਬਿਚਾਰਹਿ ਸਾਥ ।੧੦।
ਜੋ ਮੁਝ ਬਚਨ ਸੁਨਨ ਕੀ ਚਾਹਿ । ਗ੍ਰੰਥ ਵਿਚਾਰ ਸੁਨਹੁ ਚਿਤ ਲਾਇ ।
ਮੇਰਾ ਰੂਪ ਗ੍ਰੰਥ ਜੀ ਜਾਨ । ਇਸ ਮੇਂ ਭੇਦ ਨ ਰੰਚਕ ਮਾਨ ।੧੧।

ਹੋਰ ਬਹੁਤ ਸਾਰੀਆਂ ਸਮਕਾਲੀ ਲਿਖਤਾਂ ਹਨ ਜਿਨ੍ਹਾਂ ਤੋਂ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਸੌਂਪਣ ਦੀਆਂ ਗਵਾਹੀਆਂ ਮਿਲਦੀਆਂ ਹਨ। ਉਪ੍ਰੋਕਤ ਵੀਚਾਰ ਤੇ ਗੁਰਮੁਖ ਪਿਆਰਿਓ ! ਨਿਸ਼ਚਾ ਕਰੀਏ ਕਿ ਗੁਰੂ ਸ਼ਬਦ ਹੈ, ਦੇਹ ਨਹੀਂ। ਦੇਹਧਾਰੀ ਗੁਰੂ ਅਖਵਾਉਣ ਵਾਲਿਆਂ ਦੇ ਮਗਰ ਫਿਰਨ ਨਾਲ ਸਮਾਂ ਹੀ ਨਸ਼ਟ ਹੋਵੇਗਾ, ਜਨਮ ਅਜਾਈਂ ਚਲਾ ਜਾਵੇਗਾ। ਜਦੋਂ ਤੁਹਾਡੇ ਘਰ ਵਿਚ ਹੀ ਵਸਤੂ ਹੈ, ਪਰਿਵਾਰ ਵਿਚ ਹੀ ਪਦਾਰਥ ਪਿਆ ਹੈ, ਉਸ ਦੀ ਪਛਾਣ ਕਰਨੀ ਚਾਹੀਦੀ ਹੈ। ਸਿਦਕ ਭਰੋਸਾ ਰੱਖ ਕੇ ਨਾਮ ਦੀ ਕਮਾਈ ਕਰਕੇ ਜੀਵਨ ਸਫਲਾ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥

ਜਦੋਂ ਵੀ ਨਾਮ ਦੀ ਕਮਾਈ ਕਰਨੀ ਹੈ। ਸ਼ਬਦ ਜਾਪ ਕਰਨਾ ਹੈ। ਧਿਆਨ ਸ਼ਬਦ ਦੀ ਧੁਨ ਵਿਚ ਜੋੜ ਕੇ ਅੰਤਰ-ਆਤਮੇ ਵੜਨ ਦੀ ਲੋੜ ਹੁੰਦੀ ਹੈ। ਆਤਮਿਕ ਮੰਡਲ ਵਿਚ ਸੂਖਮ ਵਸਤੂ (ਸ਼ਬਦ) ਦਾ ਹੀ ਪ੍ਰਵੇਸ਼ ਹੋ ਸਕਦਾ ਹੈ। ਕਿਸੇ ਦੇਹ ਜਾਂ ਸਥੂਲ ਵਸਤੂ ਦਾ ਨਹੀਂ। ਜੇਕਰ ਸਥੂਲ ਵਸਤੂ ਦਾ ਅੰਦਰ ਚਿੱਤਰ ਬਣਾਵਾਂਗੇ ਤਾਂ ਸ਼ਬਦ ਗੁੰਮ ਹੋ ਜਾਵੇਗਾ ਅਤੇ ਅਸੀਂ ਸ਼ਬਦ ਰੂਪ ਅਕਾਲ ਪੁਰਖ ਦੇ ਨਾਲ ਇਕਮਿਕ ਨਹੀਂ ਹੋ ਸਕਾਂਗੇ। ਗੁਰੂ ਰੂਪ ਸਤਿਪੁਰਖ ਨੂੰ ਨਹੀਂ ਮਿਲ ਸਕਾਂਗੇ ।

ਸ਼ਬਦ-ਸੁਰਤਿ ਦਾ ਇਕ ਮੰਡਲ ਹੈ ਇਹ ਅਥਾਹ ਸਾਗਰ ਹੈ ਜਿਸ ਵਿਚ ਅਭਿਆਸੀ ਨੇ ਪਹੁੰਚ ਕੇ ਨਿਵਾਸ ਕਰਨਾ ਹੈ। ਇਹ ਸੂਖਸ਼ਮ ਮੰਡਲ ਹੈ। ਕਿਸੇ ਅਸਥੂਲ ਵਸਤੂ ਦਾ ਉੱਥੇ ਜਾਣਾ ਅਸੰਭਵ ਹੀ ਨਹੀਂ ਬਲਕਿ ਸੌ ਫੀ ਸਦੀ ਸਚਾਈ ਹੈ ਕਿ ਠੋਸ ਚੀਜ਼ ਉੱਥੇ ਨਹੀਂ ਪਹੁੰਚ ਸਕਦੀ।

ਕੋਈ ਵੀ ਦ੍ਰਿਸ਼ਟਮਾਨ ਵਸਤੂ ਹੈ, ਉਹ ਪੰਜਾਂ ਤੱਤਾਂ (ਪਉਣ, ਪਾਣੀ, ਬੈਸੰਤਰ, ਧਰਤਿ, ਅਤੇ ਆਕਾਸ਼) ਦੀ ਬਣੀ ਹੋਈ ਹੈ ਤਿੰਨਾਂ ਗੁਣਾਂ (ਰਜੋ, ਤਮੋ ਅਤੇ ਸਤੋ) ਵਿਚ

ਵਿਚਰ ਰਹੀ ਹੈ। ਸੁਰਤਿ ਨੇ ਤਿੰਨਾਂ ਗੁਣਾਂ ਨੂੰ ਪਾਰ ਕਰਕੇ ਚੌਥੇ ਪਦ ਵਿਚ ਪ੍ਰਵੇਸ਼ ਕਰਨਾ ਹੈ। ਸਪਸ਼ਟ ਹੈ ਕਿ ਦੇਹ ਸਾਡਾ ਕੁਝ ਨਹੀਂ ਸਵਾਰ ਸਕਦੀ। ਸ਼ਬਦ ਰਾਹੀਂ ਹੀ ਪਾਰ ਹੋ ਕੇ ਉੱਥੇ ਨਿਵਾਸ ਹੋ ਸਕੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਬਦ ਦਾ ਸਾਗਰ ਹਨ, ਜੋ ਸ਼ਬਦ ਦੀ ਕਮਾਈ ਲਈ ਸਾਨੂੰ ਪ੍ਰੇਰਦੇ ਹਨ। ਸ਼ਬਦ ਪ੍ਰਦਾਨ ਕਰਦੇ ਹਨ। ਸ਼ਬਦ ਗੁਰੂ ਰਤਨਾਂ ਦਾ ਭੰਡਾਰ ਹੈ।

ਗੁਰੂ ਸਾਹਿਬ, ਜਗਿਆਸੂ, ਗੁਰਸਿੱਖ ਅਪਣੀ ਸੁਰਤਿ ਵਿਚ ਹੀ ਸ਼ਬਦ ਨਾਲ ਜੁੜ ਕੇ ਸ਼ਬਦ ਦੇ ਸਾਗਰ (ਧੁਨਿ) ਵਿਚੋਂ ਅੰਮ੍ਰਿਤ ਨੂੰ ਪੀਂਦੇ ਹਨ।

ਗੁਰਬਾਣੀ ਵਿਚੋਂ ਅਪਣੇ ਮਤਲਬ ਦੀਆਂ ਟੂਕਾਂ ਲੈ ਕੇ ਅਖੌਤੀ ਗੁਰੂ, ਲੋਕਾਂ ਨੂੰ ਮੂਲ ਨਾਲੋਂ ਤੋੜ ਰਹੇ ਹਨ ਅਤੇ ਡਾਲੀਆਂ ਨਾਲ ਜੋੜ ਰਹੇ ਹਨ। ਡਾਲੀ (ਟਾਹਣੀ) ਦੀ ਸਮਰੱਥਾ ਵੀ ਰਖਦੇ ਹਨ ਜਾਂ ਨਹੀਂ ਵਾਹਿਗੁਰੂ ਜੀ ਹੀ ਜਾਨਣ। ਉਹ, ਦੂਜੇ ਭਰਮ (ਮਾਇਆ) ਅਤੇ ਭਾਉ (ਪ੍ਰੇਮ), ਵਿਚ ਲੱਗੇ ਹਨ ਅਤੇ ਹੋਰਨਾਂ ਨੂੰ ਲਗਾ ਰਹੇ ਹਨ।

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥<br>
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ (ਅੰਗ-੪੨੦)

ਸੋ ਭਾਈ, ਮੂਲ ਨੂੰ ਨਾ ਛੱਡੀਏ। ਮੂਲ ਨਾਲ ਜੁੜੀਏ। ਗੁਰੂ-ਗੁਰਬਾਣੀ ਨੂੰ ਛੱਡ ਕੇ ਤਾਂ ਛਾਈ (ਸੁਆਹ) ਹੀ ਹੱਥ ਆਵੇਗੀ, ਹੋਰ ਪੱਲੇ ਕੁਝ ਨਹੀਂ ਪੈਣਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਸਤਿਗੁਰੂ ਹਨ। ਸ਼ਬਦ ਕਮਾਈ ਦੀ ਪ੍ਰੇਰਨਾ ਤੇ ਅਗਵਾਈ ਦਿੰਦੇ ਹਨ। ਲੋਕ ਸੁਖੀਏ ਪ੍ਰਲੋਕ ਸੁਹੇਲੇ ਕਰਦੇ ਹਨ, ਦੁੱਖ ਦੂਰ ਕਰਦੇ ਹਨ, ਜਨਮ ਮਰਨ (ਆਵਾਗਉਣ) ਕੱਟਦੇ ਹਨ ਅਤੇ ਇਸ ਸੰਸਾਰ, ਭਵਸਾਗਰ ਤੋਂ ਸੌਖੇ ਹੀ ਪਾਰ ਕਰਕੇ ਵਾਹਿਗੁਰੂ ਦੀ ਦਰਗਾਹ ਵਿਚ ਨਿਵਾਸ ਬਖਸ਼ਦੇ ਹਨ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜੁੱਗੋ ਜੁੱਗ ਅਟਲ, ਸ਼ਬਦ ਅਵਤਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

**-0-0-0-**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਦੀ ਨਸ਼ੀਨੀ

-ਗਿਆਨੀ ਸ਼ੇਰ ਸਿੰਘ

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ॥ ਪਰਤਖਿ ਗੁਰੂ ਨਿਸਤਾਰੇ ॥** (ਅੰਗ- ੯੮੨)

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਿੱਖ ਜਾਗਤ੍ਰੀ ਲਹਿਰ ਇਕ ਯੋਜਨਾਬੱਧ ਪ੍ਰੋਗਰਾਮ ਸੀ, ਜਿਸਦੀ ਸੰਪੂਰਨਤਾ ਲਈ ਗੁਰੂ ਸਾਹਿਬ ਜੀ ਨੇ ਚਾਰ ਵਿਸ਼ੇਸ਼ ਗੱਲਾਂ ਕੀਤੀਆਂ-ਪਹਿਲੇ ਗੁਰਗੱਦੀ ਨੂੰ ਦੱਸ ਪਾਤਿਸ਼ਾਹੀਆਂ ਤਕ ਅਖੰਡ ਅੱਗੇ ਚਲਾਇਆ ਤਾਂਕਿ ਸੰਪੂਰਨ ਯੋਜਨਾ ਨੇਪਰੇ ਚਾੜ੍ਹੀ ਜਾ ਸਕੇ, ਦੂਜੇ ਥਾਂ-ਥਾਂ ਧਰਮਸ਼ਾਲਾਂ ਥਾਪੀਆਂ, ਤੀਜੇ ਬਾਣੀ ਦਾ ਸੰਕਲਨ ਕਰਕੇ ਨਵੇਂ ਧਰਮ ਗ੍ਰੰਥ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ, ਚੌਥੇ ਇਸ ਧੁਰ ਕੀ ਬਾਣੀ ਨੂੰ ਗੁਰੂ ਕਹਿ ਕੇ ਪ੍ਰਤਿਸ਼ਠਤ ਕੀਤਾ ਤਾਂਕਿ ਰੂਹਾਨੀ ਰਹਿਨੁਮਾਈ ਹਰ ਸਮੇਂ ਹਰ ਥਾਂ ਹਰ ਇਕ ਨੂੰ ਮਿਲਦੀ ਰਹੇ।

ਇਸ ਲਈ ਸਿੱਖ ਧਰਮ ਦੇ ਸੰਚਾਲਕ ਅਤੇ ਉਸ ਦੀ ਵਿਚਾਰ ਧਾਰਾ ਦੇ ਪ੍ਰਤਿਪਾਲਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਇਹੀ ਵਿਚਾਰ ਹੈ ਕਿ ਅਕਾਲ ਪੁਰਖ (ਈਸ਼ਵਰ ਸ਼ਬਦ ਰੂਪ) ਨੂੰ ਹੀ ਗੁਰੂ ਮੰਨ ਕੇ ਉਸ ਅਗੇ ਆਤਮ ਸਮਰਪਨ ਕਰਨਾ ਚਾਹੀਦਾ ਹੈ।

ਇਕ ਵਿਚਾਰ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਆਦਿ ਕਾਲ ਤੋਂ ਹੀ "ਸ਼ਬਦ" ਨੂੰ ਗੁਰੂ ਮੰਨਿਆ ਜਾਂਦਾ ਹੈ। "ਸ਼ਬਦ" ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ।

**ਓਅੰਕਾਰ ਆਕਾਰ ਕਰਿ ਏਕ ਕਵਾਉ ਪਸਾਉ ਪਸਾਰਾ ॥**

(ਭਾ. ਗੁਰਦਾਸ ਜੀ ਵਾਰ-੧, ੪)

ਜਿਸ ਸਮੇਂ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪੁੱਛਿਆ ਕਿ :

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥** (ਸਿਧ ਗੋਸਟਿ, ਅੰਗ-੯੪੨)

ਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਫੁਰਮਾਇਆ :-

**ਸਬਦੁ ਗੁਰੂ ਸੁਰਤਿ ਧੁਨ ਚੇਲਾ ॥** (ਸਿਧ ਗੋਸਟਿ, ਅੰਗ-੯੪੨)

ਗੁਰੂ ਸਾਹਿਬ ਜੀ ਨੇ ਸ਼ਬਦ ਨੂੰ ਹੀ ਗੁਰੂ ਮੰਨਿਆ ਹੈ ਅਤੇ ਸ਼ਬਦ ਨੂੰ ਹੀ ਗੱਦੀ ਨਸ਼ੀਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਗੱਦੀ ਤੇ ਵਿਰਾਜਮਾਨ ਹੋਏ, ਇਸੇ ਤਰ੍ਹਾਂ ਗੱਦੀ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੬੬੧

ਬਿਕ੍ਰਮੀ (੧੬੦੪ ਈ.) ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੰਪੂਰਨ ਕਰਵਾਇਆ।

ਕਰਤਾ 'ਵਾਰ ਗਿਆਨ ਅਗਿਆਨ ਕੀ' ਕਹਿੰਦੇ ਹਨ ਕਿ : (੧੭੦੮ ਈ.)

**ਮਹਲੁ ਪਾਂਚਵਾਂ ਅਰਜਨ ਗੁਰੂ ਗੁਰੂ ਸਤਿਗੁਰ ਪੂਰਾ ॥**
**ਜੋ ਸਿਖ ਆਇ ਚਰਨੀ ਲਗੈ ਸੋ ਰਹੈ ਨ ਊਰਾ ॥**
**ਬਾਣੀ ਕੋ ਬੰਧੇਜ ਕਰਿ ਗਿਰੰਥ ਕੀਓ ਸਮੂਰਾ ॥**
**ਵਾਂ ਕਉ ਜੋ ਗੁਰਮੁਖਿ ਪੜ੍ਹੈ ਸੁਣੈ ਹੋਇ ਠਹੂਰਾ ॥**
**ਹੋਰ ਬਾਣੀ ਚਿਤ ਨ ਲਿਆਵਈ ਸੋਈ ਸਿਰ ਸੂਰਾ ॥**

(ਵਾਰ ਮਾਰੂ "ਗਿਆਨ ਅਗਿਆਨ ਕੀ" ਪੰਜਾਬੀ ਵਾਰਾਂ, ਅੰਗ-੧੭੨-੭੩)

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਦਸ ਜਾਮੇ ਗੁਰੂਤਾ ਗੱਦੀ ਧਾਰਨ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣਾ ਸਚਖੰਡ ਪਯਾਨਾ ਕਰਨ ਦਾ ਸਮਾਂ ਜਾਣ ਕੇ ਤਖਤ ਸਚਖੰਡ ਸ੍ਰੀ ਅਬਿਚਲ ਨਗਰ ਹਜੂਰ ਸਾਹਿਬ ਨਾਂਦੇੜ ਪਹੁੰਚੇ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਣ ਵਾਸਤੇ ਭਾਈ ਦਇਆ ਸਿੰਘ ਨੂੰ ਬਚਨ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਓ।

ਲਿਖਾਰੀ ਭੱਟ ਵਹੀ ਮੁਲਤਾਨੀ ਸਿੰਧੀ ਲਿਖਦੇ ਹਨ :-

"ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸੰਮਤ ਸਤ੍ਰਾ ਸੈ ਪੈਂਸਠ ਕਾਰਤਿਕ ਮਾਸ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ ਦੈਆ ਸਿੰਘ ਸੇ ਬਚਨ ਹੋਆ- 'ਸ੍ਰੀ ਗ੍ਰੰਥ ਸਾਹਿਬ ਲੇ ਆਉ।' ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਭੇਟ ਰਖਕੇ ਮਥਾ ਟੇਕਾ।

ਸਰਬਤਿ ਸੰਗਤਿ ਸੇ ਕਹਾ ਮੇਰਾ ਹੁਕਮ ਹੈ - 'ਮੇਰੀ ਜਗ੍ਹਾ ਸ੍ਰੀ ਗ੍ਰੰਥ ਸਾਹਿਬ ਕੋ ਜਾਨਨਾ, ਜੋ ਸਿੱਖ ਜਾਨੇਗਾ ਤਿਸਕੀ ਘਾਲ ਥਾਇੰ ਪਏਗੀ। ਗੁਰੂ ਤਿਸਕੀ ਬਾਹੁੜੀ ਕਰੇਗਾ।'

(ਭੱਟ ਵਹੀ ਤਲਾਉਂਢਾ ਪ੍ਰਗਣਾ ਜੀਂਦ ਤੇ ਭੱਟ ਵਹੀ ਮੁਲਤਾਨੀ ਸਿੰਧੀ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ੧੭੬੫ ਬਿਕ੍ਰਮੀ (੧੭੦੮ ਈ.) ਕੱਤਕ ਦੇ ਮਹੀਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਆਪ ਸਣੇ ਦੇਹ ਸਚਖੰਡ ਪਯਾਨਾ ਕਰ ਗਏ ਅਤੇ ਗੁਰੂ ਜੀ ਇਹ ਬਚਨ ਉਚਾਰੇ :-

ਭਾਈ ਪ੍ਰਹਿਲਾਦ ਜੀ ਰਹਿਤਨਾਮੇ ਵਿਚ ਲਿਖਦੇ ਹਨ :-

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ,

ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ ।

ਗੁਰੂ ਖਾਲਸਾ ਮਾਨੀਅਹਿ, ਪ੍ਰਗਟ ਗੁਰੂ ਕੀ ਦੇਹਿ ।

ਜੋ ਸਿਖ ਮੋ ਮਿਲਬੋ ਚਹਹਿ, ਖੋਜ ਇਨਹੁ ਮੈਂ ਲੇਹਿ ।

ਥਾਪਿ ਚਲਯੋ ਜੁ ਜਗਤ ਮੈਂ, ਤਿਨਹਿ ਨਿਵਾਵਉ ਮਾਥ ।

ਵਾਹਿਗੁਰੂ ਕੇ ਮੰਤ੍ਰ ਬਿਨੁ, ਮਿਥਿਆ ਸਾਰੀ ਗਾਥ । (ਰਹਿਤਨਾਮਾ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਪਵਿੱਤਰ ਬਾਣੀ ਸ੍ਰੀ ਸਰਬ ਲੋਹ ਗ੍ਰੰਥ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਬਾਰੇ ਫੁਰਮਾਂਦੇ ਹਨ :-

ਆਪਨ ਪੌ ਖਾਲਸੇ ਦੀਨਾ, ਦ੍ਵਤਿਯ ਰੂਪ ਸਤਿਗੁਰ ਗ੍ਰੰਥਾ ।

ਬੋਲਨ ਸਤਿਗੁਰੁ ਸਬਦ ਸੰਭਾਖਨੁ, ਨਾਮ ਗੋਬਿੰਦ ਕੀਰਤਨਿ ਸੰਥਾ ।

ਗੁਣਾਨੁਵਾਦ ਪੁਨ ਸਿਫਤਿ ਸਲਾਹਨੁ, ਊਠਤ ਬੈਠਤ ਸੈਨ ਕਰੰਥਾ ।

ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਚਨ ਆਸ਼੍ਰਮ ਸ਼ੁਭ ਪੰਥਾ ।

ਇਨ ਕੋ ਦਰਸ ਸਤਿਗੁਰ ਕੋ ਦਰਸਨ, ਬੋਲਨੁ ਗੁਰੂ ਸਬਦ ਗੁਰੁ ਗ੍ਰੰਥਾ ।

ਦ੍ਵਾਦਸ ਰੂਪ ਸਤਿਗੁਰ ਏ ਕਹੀਅਤ, ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ ।

ਪ੍ਰਤਖਯ ਕਲਾ ਪਾਰਬ੍ਰਹਮ ਧਣੀ ਛੈ, ਗ੍ਰੰਥ ਪੰਥ ਖਾਲਸਾ ਵਰਤੰਤਾ ।

ਦਾਸ ਗੋਬਿੰਦ ਫਤਹ ਸਤਿਗੁਰ ਕੀ, ਖਾਸ ਗ੍ਰੰਥ ਗੁਰੂ ਰੂਪ ਬਦੰਤਾ ।

(ਸ੍ਰੀ ਸਰਬਲੋਹ ਗ੍ਰੰਥ, (ਦੂਜੀ ਜਿਲਦ), ਅੰਗ-੪੯੭)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਫੁਰਮਾਂਦੇ ਹਨ ਕਿ ਅਸੀਂ ਆਪਣਾ ਸਰੂਪ ਖਾਲਸੇ ਨੂੰ ਸੌਂਪ ਦਿੱਤਾ ਹੈ ਅਤੇ ਆਪਣਾ ਦੂਜਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪਿਆ ਹੈ। ਸਿੱਖ ਪੰਥ ਦੇ ਮਹਾਨ ਲਿਖਾਰੀ ਗਿਆਨੀ ਗਿਆਨ ਸਿੰਘ ਲਿਖਦੇ ਹਨ :-

'ਅਬ ਹਮ ਸੋ ਗੁਰ ਥਾਪ ਹੈ, ਜੋ ਸ਼ੁਧ ਉਦਾਰੀ

ਅਜਰ ਅਮਰ ਅਖੰਡ ਰਹਿ, ਸਦ ਪਰਉਪਕਾਰੀ ।

ਭੇਦ ਪੱਖ ਬਿਨ ਸਰਬ ਕੋ, ਬਾਂਛਤ ਫਲ ਦੈ ਹੈ

ਇਮ ਕਹਿ ਗੁਰੂ ਗ੍ਰੰਥ ਕਾ, ਪ੍ਰਕਾਸ਼ ਕਰੈ ਹੈ ।

ਪੈਸੇ ਪਾਂਚ ਨਲੇਰ ਲੈ, ਤਿਸ ਅੱਗ੍ਰ ਟਿਕਾਯੋ ।

ਕਰ ਪ੍ਰਕਰਮਾ ਗੁਰੁ ਜੀ, ਨਿਜ ਮਾਥ ਝੁਕਾਯੋ ।

ਗੁਰੂ ਗ੍ਰੰਥ ਕੋ ਗੁਰੁ ਥਪਯੋ, ਕੁਣਕਾ ਬੰਟਵਾਯੋ ।

ਸ੍ਰੀ ਮੁਖ ਤੇ ਸਭ ਸਿਖਨ ਕੋ, ਇਮ ਹੁਕਮ ਸੁਨਾਯੋ ।

**(ਬਾਕੀ 33 ਪੰਨੇ ਤੇ ਪੜ੍ਹੋ)**

# ਸਾਰਾਗੜ੍ਹੀ ਸਾਕਾ ਦੁਹਰਾਇਆ ਅਗਸਤ ੧੯੪੭

–ਡਾ.ਗੁਰਬਚਨ ਸਿੰਘ, ਮੋ 98781-49511

ਅਗਸਤ ੧੯੪੭ ਵਿੱਚ ਭਾਰਤ ਦੇਸ਼ ਦੀ ਵੰਡ ਹੋਈ ਅਤੇ ਪਾਕਿਸਤਾਨ ਨਾਮ ਦਾ ਨਵਾਂ ਦੇਸ਼ ਬਣਿਆ। ਇਸ ਸਮੇਂ ਹਿੰਦੁਸਤਾਨ ਨੂੰ ਅੰਗ੍ਰੇਜੀ ਰਾਜ ਤੋਂ ਆਜ਼ਾਦੀ ਮਿਲੀ ਪਰ ਪੰਜਾਬ ਦੇ ਹਿੱਸੇ ਬਰਬਾਦੀ ਹੀ ਆਈ। ਪੰਜਾਬ ਦੇ ਏਧਰ ਤੇ ਓਧਰ ੧੦ ਲੱਖ ਮਨੁੱਖੀ ਜਾਨਾਂ ਗਈਆਂ। ਪੰਜਾਬੀਆਂ ਨੂੰ ਆਪਣੀਆਂ ਜ਼ਮੀਨ ਜਾਇਦਾਦਾਂ ਘਰ ਬਾਰ ਅਤੇ ਜਾਨ ਤੋਂ ਪਿਆਰੇ ਗੁਰਧਾਮਾਂ  ਤੋਂ ਹੱਥ ਧੋਣੇ ਪਏ। ਇਹ ਦਰਦਨਾਕ ਸਮਾਂ ਜਿਨ੍ਹਾਂ ਨੇ ਅੱਖੀਂ ਦੇਖਿਆ ਸੀ ਉਹ ਸਾਰੀ ਜ਼ਿੰਦਗੀ ਇਸ ਨੂੰ ਭੁਲਾ ਨਹੀਂ ਸਕੇ। ਲੇਖਕ ਦੀ ਉਮਰ ਉਸ ਵੇਲੇ ਤਿੰਨ ਸਾਲ ਦੀ ਸੀ, ਸਾਡੇ ਪਿੰਡਾਂ ਦੇ ਸਿੱਖ ਪਰਿਵਾਰ ਬੈਲ ਗੱਡਿਆਂ ਤੇ ਬੈਠ ਕੇ ਇਕ ਮਹੀਨੇ ਦੇ ਜ਼ੋਖਮ ਭਰੇ ਸਫਰ ਤੋਂ ਬਾਅਦ ਭਾਰਤ ਪਹੁੰਚੇ ਸਨ। ਰਸਤੇ ਵਿੱਚ ਹੀ ਲੇਖਕ ਦੇ ਮਾਤਾ ਜੀ ਚੜ੍ਹਾਈ ਕਰ ਗਏ ਪਰ ਮੈਨੂੰ ਉਨ੍ਹਾਂ ਦਾ ਚੇਹਰਾ ਮੋਹਰਾ ਬਿਲਕੁਲ ਯਾਦ ਨਹੀਂ। ਇਸ ਲੇਖ ਦੇ ਸਿਰਨਾਮੇ ਮੁਤਾਬਕ ਉਸ ਸਮੇਂ ਇੱਕ ਸ਼ਹੀਦੀ ਸਾਕਾ ਵਰਤਿਆ ਜਿਸ ਨੇ ਸਾਰਾਗੜ੍ਹੀ ਦੀ ਯਾਦ ਦੁਹਰਾ ਦਿੱਤੀ।

ਸਾਰਾਗੜੀ ਦਾ ਸਾਕਾ ੧੨ ਸਤੰਬਰ, ੧੮੯੭ ਨੂੰ ਵਾਪਰਿਆ। ਉਸ ਸਮੇਂ ਪਠਾਣਾਂ ਨੇ ਅੰਗ੍ਰੇਜ਼ਾਂ ਦੇ ਖਿਲਾਫ ਝੰਡਾ ਚੁੱਕਿਆ ਸੀ। ਇਸ ਬਗਾਵਤ ਨੂੰ ਦਬਾਉਣ ਲਈ ਅੰਗ੍ਰੇਜੀ ਸਰਕਾਰ ਨੇ ੩੬ ਸਿੱਖ ਬਟਾਲੀਅਨ ਜੋ ਕਿ ਅੱਜ ਕਲ ੪ ਸਿੱਖ ਕਹਾਉਂਦੀ ਹੈ, ਦੀ ਡਿਊਟੀ ਲਾਈ। ਇਸ ਦਾ ਹੈਡ ਕੁਆਰਟਰ ਲੋਕਹਾਰਟ ਕਿਲ੍ਹੇ ਵਿੱਚ ਸੀ ਦੂਜਾ ਸੈਂਟਰ ਗੁਲਿਸਤਾਨ ਵਿੱਚ ਸੀ। ਇਨ੍ਹਾਂ ਦੋਹਾਂ ਦੇ ਵਿਚਕਾਰ ਇੱਕ ਛੋਟਾ ਦਸਤਾ ਜਿਸ ਵਿੱਚ ੨੧ ਜੁਆਨ ਸਨ ਸਾਰਾਗੜ੍ਹੀ ਦੀ ਪਹਾੜੀ ਤੇ ਤਾਇਨਾਤ ਕੀਤਾ ਗਿਆ ਸੀ। ਸਾਰਾਗੜ੍ਹੀ ਉਤਰ ਪੱਛਮੀ ਸਰਹੱਦੀ ਸੂਬੇ ਦੇ ਕੋਹਾਟ ਜ਼ਿਲ੍ਹੇ ਦਾ ਇੱਕ ਪਿੰਡ ਹੈ। ੧੨ ਸਤੰਬਰ ੧੮੯੭ ਨੂੰ ਦਸ ਹਜਾਰ ਪਠਾਣਾਂ ਨੇ ਇਸ ਤੇ ਹਮਲਾ ਕੀਤਾ। ਗੁਰੂ ਦਸਮੇਸ਼ ਦੇ ੨੧ ਸੂਰਬੀਰ ਯੋਧਿਆਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਇੱਕ-ਇੱਕ ਕਰਕੇ ਸਾਰੇ ਸਿੰਘ ਸਿਪਾਹੀ ਸ਼ਹੀਦ ਹੋ ਗਏ।

ਪੂਰੇ ੫੦ ਸਾਲਾਂ ਬਾਅਦ ਪਿੰਡ ਚੂੰਡ ਭਰਵਾਣਾ, ਜ਼ਿਲ੍ਹਾ ਝੰਗ ਪਾਕਿਸਤਾਨ ਵਿੱਚ ਇਹ ਸਾਕਾ ਦੁਹਰਾਇਆ ਗਿਆ। ਪਿੰਡ ਚੂੰਡ ਭਰਵਾਣਾ, ਮਘਿਆਣਾ ਤੋਂ ੫ ਮੀਲ ਅਤੇ ਦਰਿਆ ਚਨਾਬ ਤੋਂ ਇੱਕ ਮੀਲ ਦੂਰ ਸਥਿੱਤ ਸੀ। ਇਸ ਕਸਬੇ ਦੀ ਕੁਲ ਆਬਾਦੀ  ੩੦੦੦ ਦੇ ਲਗ ਪਗ ਸੀ ਜਿਸ ਵਿਚ ਅੱਧੇ ਮੁਸਲਮਾਨ ਤੇ ਅੱਧ ਵਿੱਚ ਸਿੱਖ ਤੇ ਸਹਿਜਧਾਰੀ ਸਿੱਖ ਸਨ। ਇਥੇ ਰੇਲਵੇ ਸਟੇਸ਼ਨ ਵੀ ਸੀ ਜਿਥੋਂ ਰੇਲ ਗੱਡੀ ਸਰਗੋਧਾ ਵੱਲ ਜਾਂਦੀ ਸੀ। ਇਸ ਪਿੰਡ ਦੇ ਪੱਛਮ ਵੱਲ ਨਾ ਕੋਈ ਰੇਲ ਤੇ ਨਾ ਬਸ ਸੇਵਾ ਸੀ। ਇਸ ਕਰਕੇ ਮੁਸਾਫਰ ਪੈਦਲ ਸਫਰ

ਕਰਕੇ ਆਉਂਦੇ ਸਨ। ਇਥੋਂ ਦੀ ਸਿੱਖ ਸੰਗਤ ਬਹੁਤ ਸ਼ਰਧਾਵਾਨ ਤੇ ਗੁਰਬਾਣੀ ਵਿੱਚ ਰੰਗੀ ਹੋਈ ਸੀ। ਮੁਸਾਫਰਾਂ ਦੇ ਠਹਿਰਨ ਤੇ ਲੰਗਰ ਲਈ ਪਿੰਡ ਵਿੱਚ ਇੱਕ ਬਹੁਤ ਵੱਡਾ ਗੁਰਦੁਆਰਾ ਸੀ ਜਿਸ ਵਿੱਚ ਇੱਕ ਬਹੁਤ ਵੱਡਾ ਹਾਲ ਤੇ ਖੁੱਲ੍ਹਾ ਵਿਹੜਾ ਸੀ। ਵਿਹੜੇ ਦੇ ਚਾਰੇ ਪਾਸੇ ਕਮਰੇ ਸਨ ਅਤੇ ਬਹੁਤ ਸੁੰਦਰ ਦਰਸ਼ਨੀ ਡਿਉਢੀ ਬਣੀ ਹੋਈ ਸੀ ਤੇ ੪੦ ਫੁੱਟ ਉਚਾ ਨਿਸ਼ਾਨ ਸਾਹਿਬ ਲਹਿਰਾਉਂਦਾ ਸੀ ਜੋ ਕਿ ਸਾਰੇ ਝੰਗ ਜ਼ਿਲ੍ਹੇ ਵਿੱਚ ਇੱਕ ਮਿਸਾਲ ਸੀ। ਅਸਮਾਨ ਵਿੱਚ ਲਹਿਰਾਉਂਦਾ ਨਿਸ਼ਾਨ ਸਾਹਿਬ ਆਉਣ ਵਾਲੇ ਮੁਸਾਫਰ ਨੂੰ ਸੱਦਾ ਦਿੰਦਾ ਸੀ ਕਿ ਆਓ ਭਾਈ ਇਹ ਗੁਰੂ ਨਾਨਕ ਦਾ ਦਰਬਾਰ ਹੈ ਇਥੇ ਆਰਾਮ ਕਰੋ ਪ੍ਰਸਾਦਾ ਛਕੋ। ਲੰਗਰ ਦਾ ਪ੍ਰਬੰਧ ਪੱਕਾ ਕੀਤਾ ਹੋਇਆ ਸੀ। ਹਰੇਕ ਗੁਰਸਿੱਖ ਪਰਿਵਾਰ ਇੱਕ-ਇੱਕ ਮਹੀਨੇ ਦੀ ਸੇਵਾ ਲੈਂਦਾ ਸੀ। ਗੁਰਦੁਆਰੇ ਦਾ ਸੇਵਾਦਾਰ ਜਾ ਕੇ ਖਬਰ ਦਿੰਦਾ ਸੀ ਕਿ ਅੱਜ ਇੰਨੇ ਮੁਸਾਫਰ ਆਏ ਹਨ ਸੋ ਲੰਗਰ ਦੀ ਸੇਵਾ ਵਾਲਾ ਪਰਿਵਾਰ ਲੰਗਰ ਤਿਆਰ ਕਰਕੇ ਛਕਾਉਂਦਾ ਸੀ।

ਸੰਗਤਾਂ ਵਿੱਚ ਅਥਾਹ ਸ਼ਰਧਾ ਦਾ ਹੋਣਾ ਸ਼ਾਹਜੀਵਣੇ ਦੇ ਮਹਾਂਪੁਰਸ਼ਾਂ ਦੇ ਪ੍ਰਚਾਰ ਸਦਕਾ ਸੀ। ਖਾਸ ਕਰਕੇ ਭਾਈ ਆਇਆ ਰਾਮ ਜੀ ਦੀ ਧਰਮਸਾਲ ਦਾ ਇਸ ਇਲਾਕੇ ਵਿੱਚ ਬਹੁਤ ਪ੍ਰਭਾਵ ਸੀ। ਸੇਵਾ ਪੰਥੀ ਮਹਾਪੁਰਸ਼ਾਂ ਦਾ ਇਹ ਟਿਕਾਣਾ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਤੋਂ ਵਰੋਸਾਇਆ ਹੋਇਆ ਸੀ। ਚੁੰਡ ਭਰਵਾਣੇ ਦੀਆਂ ਸੰਗਤਾਂ ਦਾ ਟਿਕਾਣਾ ਸਾਹਿਬ ਨਾਲ ਅਥਾਹ ਪ੍ਰੇਮ ਸੀ ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਸਾਰੀ ਸੰਗਤ ਗੁਰੂ ਘਰ ਨਾਲ ਜੁੜੀ ਹੋਈ ਸੀ। ਇਕ ਵਾਰੀ ਟਿਕਾਣਾ ਸਾਹਿਬ (ਸ਼ਾਹਜੀਵਣਾ) ਦੇ ਸੰਤ ਭਾਈ ਲੱਖੂ ਸਾਹਿਬ ਜੀ ਚੁੰਡ ਭਰਵਾਣੇ ਆਏ। ਉਨ੍ਹਾਂ ਦੀ ਨਜ਼ਰ ਇੱਕ ਨੂਰਾਨੀ ਬਾਲਕ ਸਾਹਿਬ ਦਿਆਲ ਤੇ ਪਈ ਤੇ ਆਪ ਨੇ ਜਾਣ ਲਿਆ ਕਿ ਇਸ ਬਾਲਕ ਤੇ ਪਰਮੇਸਰ ਦੀ ਅਥਾਹ ਕ੍ਰਿਪਾ ਹੈ। ਸੰਤ ਜੀ ਬਾਲਕ, ਸਾਹਿਬ ਦਿਆਲ ਨੂੰ ਆਪਣੇ ਨਾਲ ਹੀ ਟਿਕਾਣਾ ਸਾਹਿਬ ਲੈ ਗਏ। ਇਥੇ ਜਾ ਕੇ ਸਾਹਿਬ ਦਿਆਲ ਜੀ ਦਿਨ ਰਾਤ ਸੇਵਾ ਤੇ ਸਿਮਰਨ ਵਿੱਚ ਜੁੱਟ ਗਏ। ਅਥਾਹ ਸੇਵਾ ਕੀਤੀ। ਨਾਮ ਦੀ ਰੰਗਤ ਚੜ੍ਹੀ ਦੇਖ ਕੇ ਮਹਾਪੁਰਸ਼ਾਂ ਨੇ ਤਖਤ ਤੇ ਬਖਤ ਬਖਸ਼ਿਸ ਕਰ ਦਿੱਤਾ। ਚੁੰਡ ਭਰਵਾਣਾ ਨੂੰ ਆਪਣੀ ਜਨਮ ਭੂਮੀ ਜਾਣਦੇ ਹੋਏ ਭਾਈ ਸਾਹਿਬ ਦਿਆਲ ਜੀ ਇਥੇ ਅਕਸਰ ਫੇਰਾ ਪਾਉਂਦੇ ਤੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਵਾਜਦੇ ਰਹਿੰਦੇ ਸਨ।

ਚੁੰਡ ਭਰਵਾਣਾ ਦੇ ਸਾਰੇ ਪਰਿਵਾਰ ਸਿੰਘ ਤੇ ਸਹਿਜਧਾਰੀ ਚੰਗੀ ਸ਼ਾਨ ਨਾਲ ਰਹਿੰਦੇ ਸਨ। ਮੁਸਲਮਾਨਾਂ ਤੇ ਸਿੱਖਾਂ ਦਾ ਆਪੋ ਵਿੱਚ ਗੂੜਾ ਮੇਲ ਜੋਲ ਸੀ ਪਰ ੧੯੪੭ ਦੀ ਫਿਰਕੂ ਅੱਗ ਦਾ ਸੇਕ ਇਸ ਪਿੰਡ ਵਲ ਵੀ ਆਉਣ ਲਗ ਪਿਆ। ਇਸ ਬਿਪਤਾ ਦਾ ਸਾਹਮਣਾ ਕਰਨ ਲਈ ਸਾਰੇ ਸਿੱਖਾਂ ਦਾ ਗੁਰਦੁਆਰਾ ਸਾਹਿਬ ਵਿੱਚ ਇਕੱਠ ਹੋਇਆ, ਵਿਚਾਰਾਂ ਕੀਤੀਆਂ ਕਿ ਜਿਸ ਧਰਤੀ ਤੇ ਅਸੀਂ ਜੰਮੇ ਪਲੇ ਹਾਂ ਉਥੇ ਹੀ ਰਹਿਣਾ ਹੈ। ਹਾਂ ! ਜੇ ਐਸਾ ਨਾ

ਹੋ ਸਕਿਆ ਤਾਂ ਸੂਰਮਿਆਂ ਵਾਂਗ ਜੂਝ ਕੇ ਸ਼ਹੀਦੀਆਂ ਪਾਵਾਂਗੇ। ਜਿੰਦਗੀ ਜੀਵਾਂਗੇ ਤਾਂ ਅਣਖ ਨਾਲ ਜੇ ਮਰਾਂਗੇ ਤਾਂ ਪੁਰਾਤਨ ਸਿੰਘਾਂ ਵਾਂਗ ਕਾਰਨਾਮਾ ਕਰਾਂਗੇ ਜਿਸ ਤੇ ਸਾਡੀ ਕੌਮ ਮਾਣ ਕਰ ਸਕੇ। ਇਹ ਮਤਾ ਪਾਸ ਹੋਇਆ, ਅਰਦਾਸ ਕੀਤੀ ਗਈ ਅਤੇ ਇਸ ਤੋਂ ਬਾਅਦ ਪਿੰਡ ਵਿਚੋਂ ਇੱਕ ਬੱਚਾ ਵੀ ਬਾਹਰ ਨਹੀਂ ਗਿਆ।

ਕੁਝ ਦਿਨਾਂ ਬਾਅਦ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਫਿਰਕੂ ਲੁਟੇਰੇ ਨੇੜੇ ਦੇ ਪਿੰਡਾਂ ਤੋਂ ਆ ਕੇ ਇਕੱਠੇ ਹੋ ਗਏ। ਸਿੱਖ ਪਰਿਵਾਰ ਵੀ ਜ਼ਰੂਰੀ ਸਮਾਨ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਆ ਗਏ। ਲੰਗਰ ਚਾਲੂ ਹੋ ਗਿਆ। ਇੱਕ ਮਿੱਠੇ ਜਲ ਦੀ ਖੂਹੀ ਗੁਰਦੁਆਰਾ ਸਾਹਿਬ ਵਿੱਚ ਹੀ ਕਾਇਮ ਸੀ, ਕਥਾ ਕੀਰਤਨ ਆਰੰਭ ਹੋ ਗਿਆ। ਕਿਸੇ ਵੀ ਚਿਹਰੇ ਤੇ ਕੋਈ ਘਬਰਾਹਟ ਨਹੀਂ ਸੀ। ਦੁਸ਼ਮਣ ਨਾਲ ਲੋਹਾ ਲੈਣ ਦੇ ਢੰਗ ਤਰੀਕੇ ਵਿਚਾਰੇ ਗਏ। ਸ.ਲਾਲ ਸਿੰਘ, ਸ.ਮਿਹਰ ਸਿੰਘ, ਸ.ਤੀਰਥ ਸਿੰਘ ਵਰਗੇ ਗੱਤਕੇ ਦੇ ਖਿਡਾਰੀਆਂ ਨੇ ਤੇਗਾਂ ਸੰਭਾਲ ਲਈਆਂ ਅਤੇ ਮੁਕਾਬਲੇ ਵਾਸਤੇ ਤਿਆਰ-ਬਰ-ਤਿਆਰ ਹੋ ਗਏ। ਇਸ ਪ੍ਰਕਾਰ ਤਿਆਰੀ ਕਰਦਿਆਂ ਦਿਨ ਬਤੀਤ ਹੋਇਆ।

ਪਹਿਲੀ ਰਾਤ ਤੇ ਦੂਜਾ ਦਿਨ : ਰਾਤ ਨੂੰ ੫੦੦ ਗੁੰਡਿਆਂ ਨੇ ਗੁਰਦੁਆਰੇ ਤੇ ਹਮਲਾ ਕੀਤਾ ਪਰ ਸਿੰਘਾਂ ਨੇ ਮੂੰਹ ਭੰਨ ਸੁਟੇ ਤੇ ਉਹ ਪਿੱਛੇ ਹਟ ਗਏ। ਦੂਜੇ ਦਿਨ ਦੀ ਸਵੇਰ ਹੁੰਦਿਆਂ ਹੀ ਹਜਾਰਾਂ ਦਾ ਗਿਣਤੀ ਵਿੱਚ ਮੁਲਖਈਆ ਫਿਰ ਆ ਗਿਆ। ਸਿੰਘਾਂ ਨੇ ਵੀ ਮੋਰਚੇ ਸੰਭਾਲੇ ਹੋਏ ਸਨ ਕਿਸੇ ਨੂੰ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਨਹੀਂ ਢੁੱਕਣ ਦਿੱਤਾ। ਸਿੰਘਾਂ ਨੇ ਯੁੱਧ ਨੀਤੀ ਇਹ ਬਣਾਈ ਹੋਈ ਸੀ ਕਿ ਚਾਰ-ਚਾਰ ਸਿੰਘਾਂ ਦਾ ਜੱਥਾ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਕੇ ਲੜਦਾ ਸੀ। ਕਈ ਜ਼ਰਵਾਨਿਆ ਨੂੰ ਮਾਰ ਕੇ ਜਾਂ ਜ਼ਖਮੀ ਕਰ ਕੇ ਵਾਪਸ ਅੰਦਰ ਆ ਜਾਂਦਾ ਸੀ। ਗੁਰਦੁਆਰਾ ਸਾਹਿਬ ਦੀ ਦਰਸਨੀ ਡਿਉਢੀ ਕੋਲ ਇੱਕ ੪੦ ਫੁਟ ਚੌੜੀ ਗਲੀ ਸੀ ਜਿਥੋਂ ਕਿ ਲੁਟੇਰੇ ਆਉਂਦੇ ਸਨ ਇਸ ਲਈ ਸਿੰਘਾਂ ਵਲੋਂ ਉਨ੍ਹਾਂ ਦੀ ਮਾਰ ਕੁੱਟ ਕਰਨੀ ਸੌਖੀ ਸੀ। ਸਾਰਾ ਦਿਨ ਤੇ ਰਾਤ ਇਸ ਤਰ੍ਹਾਂ ਬਤੀਤ ਹੋਈ।

ਤੀਸਰਾ ਦਿਨ : ਹਾਲਾਤ ਨੂੰ ਦੇਖਦੇ ਹੋਏ ਤੀਸਰੇ ਦਿਨ ਐਲਾਨ ਕੀਤਾ ਗਿਆ ਕਿ ਸ਼ਹੀਦੀਆਂ ਯਕੀਨੀ ਤੌਰ ਤੇ ਹੋਣਗੀਆਂ। ਇਸ ਲਈ ਜੋ ਕੋਈ ਸਿੱਖ ਪਰਿਵਾਰ ਬਾਹਰ ਜਾਣਾ ਚਾਹੁੰਦਾ ਹੈ ਜਾਂ ਕਿਸੇ ਹੋਰ ਤਰੀਕੇ ਨਾਲ ਬਚਣਾ ਚਾਹੁੰਦਾ ਹੈ ਤਾਂ ਉਸ ਨੂੰ ਪੂਰੀ ਖੁੱਲ ਹੈ ਕਿ ਬਾਹਰ ਜਾਵੇ। ਪਰ ਸਾਰੀ ਸੰਗਤ ਵਿੱਚੋਂ ਕੋਈ ਨਹੀਂ ਡੋਲਿਆ ਤੇ ਸਾਰਿਆਂ ਨੇ ਸ਼ਹੀਦ ਹੋਣ ਦੀ ਇੱਛਾ ਪ੍ਰਗਟਾਈ। ਅੱਜ ਫਿਰ ਫਿਰਕੂ ਟੋਲਿਆਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਆ ਕੇ ਹਮਲੇ ਕੀਤੇ ਪਰ ਸਿੰਘਾਂ ਨੇ ਉਨ੍ਹਾਂ ਨੂੰ ਮਾਰ ਭਜਾਇਆ। ਕਿਉਂਕਿ ਗੁਰੂ ਦਸਮੇਸ਼ ਦੇ ਪਿਆਰੇ ਸਿੰਘ ਤਾਂ ਮਰਨ ਲਈ ਤਿਆਰ ਸਨ ਪਰ ਦੂਜੇ ਪਾਸੇ ਚੋਰਾਂ ਦੇ ਕੋਈ ਪੈਰ ਨਹੀਂ ਹੁੰਦੇ ਉਹ ਮਾਰ ਖਾ ਕੇ ਪਿਛੇ ਹਟਦੇ ਰਹੇ। ਸਿੰਘਾਂ ਨੇ ਅੱਜ ਦੁਸ਼ਮਣਾਂ ਦੇ ਆਹੂ ਲਾਹੇ ਸਾਰੀ ਧਰਤੀ

ਲਹੂ ਨਾਲ ਰੰਗੀ ਗਈ। ਬੀਬੀਆਂ ਭੈਣਾਂ ਨੇ ਗੁਰਦੁਆਰੇ ਦੇ ਹਾਲ ਦੀ ਛੱਤ ਤੇ ਚੜ੍ਹ ਕੇ ਪੱਥਰਾਂ ਦੀ ਮਾਰ ਕੀਤੀ। ਗਲੀ ਵਿੱਚ ਆਉਂਦੇ ਵੈਰੀਆਂ ਦੇ ਸਿਰਾਂ ਵਿੱਚ ਪੱਥਰ ਵਜਦੇ ਤੇ ਉਹ ਢੇਰੀ ਹੋ ਜਾਂਦੇ ਜਾਂ ਜ਼ਖਮੀ ਹੋ ਕੇ ਇਹ ਕਹਿੰਦੇ ਹੋਏ ਕਿ ਹੇ ਅਲ੍ਹਾ ! ਇਹ ਕਿਹੜੀਆਂ ਬਲਾਵਾਂ ਗਲ ਪਈਆਂ ਹਨ ਅਤੇ ਪਿੱਛੇ ਭੱਜ ਜਾਂਦੇ।

**ਚੌਥਾ ਦਿਨ :** ਇਸ ਦਿਨ ਹੋਰ ਬਲੋਚੀ ਲੁਟੇਰੇ ਆ ਮਿਲੇ ਤੇ ਕੁਲ ਗਿਣਤੀ ੧੦ ਤੇ ੧੫ ਹਜ਼ਾਰ ਦੀ ਹੋ ਗਈ ਚੁੰਡ ਭਰਵਾਣਾ ਦੇ ਵਾਸੀ ਮੁਸਲਮਾਨ ਅੱਗੇ ਹੋ ਕੇ ਉੱਚੀ ਆਵਾਜ ਵਿੱਚ ਬੋਲੇ ਕਿ ਜੇਕਰ ਤੁਸੀਂ ਇਸਲਾਮ ਕਬੂਲ ਕਰ ਲਓ ਤਾਂ ਅਸੀਂ ਤੁਹਾਡੀ ਰਾਖੀ ਕਰਾਂਗੇ। ਇਸ ਦਾ ਜਵਾਬ ਅਣਖੀ ਸਿੰਘਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਦਿੱਤਾ ਤੇ ਅੱਜ ਦਾ ਯੁੱਧ ਹੋਰ ਵੀ ਭਿਆਨਕ ਰੂਪ ਅਖਤਿਆਰ ਕਰ ਗਿਆ। ਮੋਰਚਾ ਬੰਦੀ ਹੋਰ ਮਜਬੂਤ ਕੀਤੀ ਗਈ। ਫੈਸਲਾ ਹੋਇਆ ਕਿ ਜੋਰਦਾਰ ਹਮਲਾ ਕੀਤਾ ਜਾਏ ਤੇ ਅੱਗੇ ਨਾਲੋਂ ਵਧ ਸਮਾਂ ਬਾਹਰ ਰਹਿ ਕੇ ਜੂਝਿਆ ਜਾਵੇ। ਵਾਪਸ ਸਿੰਘ ਉਹੀ ਆਉਣ ਜੋ ਜਿਆਦਾ ਜ਼ਖਮੀ ਹੋ ਜਾਣ ਨਹੀਂ ਤਾਂ ਜੂਝਦੇ ਰਹਿਣ। ਮਾਤਾ ਸਾਹਿਬ ਕੌਰ ਦੀਆਂ ਬੱਚੀਆਂ ਨੇ ਵੀ ਚੰਡੀ ਦਾ ਰੂਪ ਧਾਰ ਲਿਆ ਤੇ ਪੱਥਰਾਂ ਦੀ ਭਰਪੂਰ ਵਰਖਾ ਕੀਤੀ। ਇਸ ਪ੍ਰਕਾਰ ਅੱਜ ਦਾ ਯੁੱਧ ਬੀਬੀਆਂ ਦੇ ਹੱਥ ਹੀ ਆਇਆ। ਦੁਸ਼ਮਣ ਗਲੀ ਵਿੱਚ ਭੱਜ ਕੇ ਜਾਨਾਂ ਬਚਾਉਂਦੇ ਪਰ ਫਿਰ ਦੁਬਾਰਾ ਯਾ ਅਲੀ ਯਾ ਅਲੀ ਦੇ ਨਾਅਰੇ ਮਾਰਦੇ ਪਰਤ ਆਉਂਦੇ ਸਨ। ਸਿੰਘ ਵੀ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਟੁੱਟ-ਟੁੱਟ ਪੈਂਦੇ ਸਨ। ਕਿਉਂਕਿ ਉਨ੍ਹਾਂ ਨੂੰ ਕਲਗੀਧਰ ਪਾਤਸ਼ਾਹ ਨੇ ਬਲ ਬਖਸ਼ਿਆ ਹੋਇਆ ਸੀ ਤੇ ਸ਼ਹੀਦੀ ਪਾਉਣ ਦਾ ਚਾਉ ਚੜ੍ਹਿਆ ਹੋਇਆ ਸੀ। ਚਮਕੌਰ ਸਾਹਿਬ ਦੀ ਅਸਾਂਵੀ ਜੰਗ ਉਨ੍ਹਾਂ ਦੇ ਸਾਹਮਣੇ ਸੀ। ਬੱਚੇ, ਥੱਕੇ ਟੁੱਟੇ ਰਾਤ ਨੂੰ ਪਏ ਸਨ, ਮਾਤਾਵਾਂ ਵੇਖ-ਵੇਖ ਕੇ ਅਰਦਾਸਾਂ ਕਰਦੀਆਂ ਸਨ ਕਿ ਸੱਚੇ ਪਾਤਸ਼ਾਹ ਮਿਹਰ ਕਰ ਸਾਡਾ ਸਿਦਕ ਕਾਇਮ ਰਹੇ। ਉਨ੍ਹਾਂ ਬੀਬੀਆਂ ਨੂੰ ਸਰਬੰਸ ਦਾਨੀ ਪਿਤਾ ਦੇ ਸਾਹਿਬਜ਼ਾਦੇ ਅਤੇ ਮਾਤਾ ਜੀ ਦੀ ਸਹੀਦੀ ਉਤਸ਼ਾਹ ਅਤੇ ਹੌਸਲਾ ਬਖਸ਼ ਰਹੀ ਸੀ। ਉਹ ਯਾਦ ਕਰਦੀਆਂ ਸਨ ਕਿ ਪਾਤਸ਼ਾਹ ਨੇ ਕਿਹਾ ਸੀ ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ ਇਸ ਪ੍ਰਕਾਰ ਇਹ ਰਾਤ ਬਤੀਤ ਹੋਈ।

**ਪੰਜਵਾ ਦਿਨ (੨੯ ਅਗਸਤ ੧੯੪੭) :** ਯੁੱਧ ਦੇ ਪੰਜਵੇਂ ਦਿਨ ਅੰਮ੍ਰਿਤ ਵੇਲੇ ਤੋਂ ਹੀ ਦੀਵਾਨ ਹਾਲ ਵਿੱਚ ਸ਼ਬਦ ਗੂੰਜ ਰਹੇ ਹਨ।

ਸਲੋਕ ਕਬੀਰ ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (ਅੰਗ-੧੧੦੫)

ਸਾਰੀ ਸੰਗਤ ਸ਼ਹੀਦੀਆਂ ਪਾਉਣ ਦੀ ਉਡੀਕ ਕਰ ਰਹੀ ਸੀ ਕਿ ਕਦੋਂ ਵਾਰੀ ਆਵੇ। ਦੂਜੇ ਪਾਸੇ ਫਿਰਕੂ ਲੁਟੇਰੇ ਬੜੇ ਫਿਕਰਮੰਦ ਸਨ ਕਿ ਬੰਦੇ ਮਰਵਾਈ ਜਾ ਰਹੇ ਹਾਂ ਪਰ ਹਾਸਲ ਕੁਝ ਨਹੀਂ ਹੋਇਆ। ਜਿਨ੍ਹਾਂ ਬੀਬੀਆਂ ਤੇ ਉਨ੍ਹਾਂ ਦੀ ਅੱਖ ਸੀ ਉਹ ਹੀ ਉਨ੍ਹਾਂ ਜਾਲਮਾਂ ਦਾ ਖ਼ੂਨ ਪੀ ਰਹੀਆਂ ਸਨ। ਉਸ ਸਮੇਂ ਮਘਿਆਣੇ ਤੋਂ ਇੱਕ ਮੁਸਲਿਮ ਲੀਗ ਨੇਤਾ ਸ਼ਾਹਜੀਵਣੇ ਜਾ ਰਿਹਾ ਸੀ। ਮੁਸਲਮਾਨਾਂ ਨੇ ਉਸ ਨੂੰ ਮਿਲ ਕੇ ਮਦਦ ਮੰਗੀ। ਉਸ ਨੇ ਇੱਕ ਚਿੱਠੀ ਪੁਲਿਸ ਚੌਕੀ ਜੋ ਕਿ ਨੇੜੇ ਚਨਾਬ ਦੇ ਪੁਲ ਤੇ ਸੀ ਲਿਖ ਕੇ ਦਿੱਤੀ। ਇਸ ਤੋਂ ਬਾਅਦ ਕੁਝ ਸਿਪਾਹੀ ਬੰਦੂਕਾਂ ਲੈ ਕੇ ਆ ਗਏ ਅਤੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਸ.ਸਾਹਿਬ ਸਿੰਘ ਦੇ ਚੁਬਾਰੇ ਤੇ ਮੋਰਚਾ ਕਾਇਮ ਕਰ ਲਿਆ। ਮੁਸਲਿਮ ਜਰਵਾਣਿਆਂ ਵਲੋਂ ਅੱਜ ਫਿਰ ਐਲਾਨ ਕੀਤਾ ਗਿਆ ਕਿ ਇਸਲਾਮ ਕਬੂਲ ਕਰ ਲਓ ਤੇ ਸਾਰਾ ਮਾਲ ਮਤਾ ਸਾਡੇ ਹਵਾਲੇ ਕਰ ਦਿਓ। ਤੁਹਾਨੂੰ ਇੱਕ ਘੰਟੇ ਦੀ ਮੋਹਲਤ ਦਿੱਤੀ ਜਾਂਦੀ ਹੈ।

ਸਿੰਘਾਂ ਨੇ ਇਸ ਭਿਆਨਕ ਸਮੇਂ ਜਦੋਂ ਕਿ ਮੌਤ ਸਾਹਮਣੇ ਆਵਾਜਾਂ ਮਾਰ ਰਹੀ ਸੀ ਫਿਰ ਵਿਚਾਰ ਕੀਤੀ ਕਿ ਛੋਟੇ-ਛੋਟੇ ਬੱਚਿਆਂ ਅਤੇ ਬੀਬੀਆਂ ਦੀ ਗਿਣਤੀ ਵੱਧ ਹੈ ਜੂਝਣ ਵਾਲੇ ਸਿੰਘ ਘੱਟ ਹਨ। ਹਥਿਆਰ ਵੀ ਰਵਾਇਤੀ ਹੀ ਹਨ ਮੁਕਾਬਲਾ ਪੁਲਿਸ ਨਾਲ ਹੈ। ਜਦੋਂ ਇਹ ਵਿਚਾਰ ਹੋ ਹੀ ਰਹੀ ਸੀ ਤਾਂ ਦਸਮੇਸ਼ ਪਾਤਸ਼ਾਹ ਦੀ ਇੱਕ ਸ਼ੇਰ ਬੱਚੀ ਬੀਬੀ ਅਤਰ ਕੌਰ ਗਰਜ ਕੇ ਬੋਲੀ ਵੀਰੋ ! ਸਾਡੀ ਫਿਕਰ ਛੱਡ ਦਿਓ ਅਸੀਂ ਆਪਣੀ ਰਾਖੀ ਵੀ ਕਰਾਂਗੀਆ ਤੇ ਤੁਹਾਡਾ ਸਾਥ ਵੀ ਦਿਆਂਗੀਆਂ, ਇਨ੍ਹਾਂ ਸਰੀਰਾਂ ਨੂੰ ਗੋਲੀਆਂ ਤਾਂ ਛੂਹ ਸਕਦੀਆਂ ਹਨ ਪਰ ਵੈਰੀ ਨਹੀਂ। ਫਿਰ ਅਰਦਾਸ ਕੀਤੀ ਗਈ ਕਿ ਸੱਚੇ ਪਾਤਸ਼ਾਹ ਬਖਸ਼ਿਸ਼ ਕਰੋ ਤਾਂ ਜੋ ਅਸੀਂ ਰਣ ਵਿੱਚ ਜੂਝਦੇ ਹੋਏ ਸੱਚਖੰਡ ਤੁਹਾਡੇ ਚਰਨਾਂ ਵਿੱਚ ਪਹੁੰਚ ਸਕੀਏ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਅੰਗ-੫੭੯)

ਫਿਰ ਵਿਹੜੇ ਵਿੱਚ ਇੱਕ ਚਿਤਾ ਬਣਾਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਗੁਟਕੇ ਪੋਥੀਆਂ ਸਭ ਚਿਤਾ ਵਿੱਚ ਰੱਖ ਕੇ ਸਸਕਾਰ ਕੀਤਾ ਗਿਆ ਇਕ ਹੋਰ ਥਾਂ ਸਭ ਸਾਮਾਨ ਸੋਨਾ, ਚਾਂਦੀ, ਰੁਪਿਆ ਪੈਸਾ, ਖਾਣ ਪੀਣ ਦਾ ਸਾਮਾਨ ਰੱਖ ਕੇ ਅਗਨ ਭੇਟ ਕਰ ਦਿੱਤਾ ਗਿਆ। ਛੋਟੇ ਬੱਚੇ ਚਾਰ ਤੋਂ ਅੱਠ ਸਾਲ ਦੀ ਉਮਰ ਵਾਲੇ ਜੋ ਪਿਛਲੇ ਚਾਰ ਦਿਨਾਂ ਤੋਂ ਇਹ ਭਿਆਨਕ ਦ੍ਰਿਸ਼ ਦੇਖ ਰਹੇ ਸਨ ਉਨ੍ਹਾਂ ਤੇ ਵੀ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਸਾਰਿਆ ਨੇ ਕਿਹਾ ਕਿ ਅਸੀਂ ਵੀ ਧਰਮ ਯੁੱਧ ਵਿੱਚ ਹਿੱਸਾ ਪਾ ਕੇ ਸ਼ਹੀਦ ਹੋਵਾਂਗੇ। ਜਲਦੀ ਹੀ ਇਹ ਛੋਟਾ ਜਿਹਾ ਬਹੁਤ ਹੀ ਪਿਆਰਾ ਜੱਥਾ ਤਿਆਰ ਹੋ ਕੇ ਗੁਰਦੁਆਰਾ ਸਾਹਿਬ ਦੇ ਹਾਲ ਦੀ ਛੱਤ ਤੇ ਚੜ੍ਹ ਗਿਆ।

ਜੈਕਾਰਿਆਂ ਦੀ ਗੂੰਜ ਵਿੱਚ ਐਲਾਨ ਕੀਤਾ ਕਿ ਅਸੀਂ ਵੀ ਆ ਗਏ ਹਾਂ ਲਾੜੀ ਮੌਤ ਨੂੰ ਵਰ੍ਹਾਂਗੇ। ਇਹ ਵੇਖ ਕੇ ਸਾਰੇ ਸਿੰਘ, ਬੀਬੀਆਂ ਦੇ ਹੌਂਸਲੇ ਦੂਣ ਸਵਾਏ ਹੋ ਗਏ। ਛੋਟੇ ਬੱਚੇ, ਪੱਥਰ ਚੁੱਕ ਚੁੱਕ ਕੇ ਬੀਬੀਆਂ ਨੂੰ ਫੜਾਉਂਦੇ ਸਨ ਤੇ ਬੀਬੀਆਂ ਦੁਸ਼ਮਣਾਂ ਦੇ ਸਿਰ ਭੰਨ ਰਹੀਆਂ ਸਨ। ਜਿਸ ਵੀ ਬੱਚੇ ਨੂੰ ਗੋਲੀ ਲਗਦੀ ਉਸ ਦੀ ਮਾਂ ਦਸਮੇਸ਼ ਗੁਰੂ ਦਾ ਸ਼ੁਕਰ ਕਰਦੀ ਕਿ ਮੇਰੀ ਕੁੱਖ ਸਫਲੀ ਹੋ ਗਈ ਹੈ। ਇਸ ਤਰ੍ਹਾਂ ਇਹ ਭੁਜੰਗੀ ਜੱਥਾ ਸ਼ਹੀਦੀ ਪ੍ਰਾਪਤ ਕਰ ਗਿਆ। ਦੁਸ਼ਮਣ ਪੁਲਿਸ ਵਲੋਂ ਗੋਲੀਆਂ ਦਾ ਮੀਂਹ ਬਰਸ ਰਿਹਾ ਸੀ ਇੱਕ ਬੀਬੀ ਡਿਗਦੀ ਤਾਂ ਦੂਜੀ ਉਸ ਦੇ ਥਾਂ ਤੇ ਆ ਖਲੋਂਦੀ।

ਨੌਜੁਆਨ ਸਿੰਘ ਦਰਸ਼ਨੀ ਡਿਉਢੀ ਤੋਂ ਬਾਹਰ ਜਾ ਕੇ ਦੁਸ਼ਮਣਾਂ ਦਾ ਟੋਕਾ ਕਰ ਰਹੇ ਸਨ। ਸਭ ਨੂੰ ਅਜ ਇਹੀ ਹੁਕਮ ਸੀ ਕਿ ਆਖਰੀ ਦਮ ਤੱਕ ਜੂਝਣਾ ਹੈ ਵਾਪਿਸ ਨਹੀਂ ਮੁੜਨਾ। ਸ਼ਾਮ ਦੇ ਚਾਰ ਵਜੇ ਬਿਰਧ ਮਾਤਾ ਵੇਦ ਬਾਈ ਜੀ ਨੇ ਦੇਖਿਆ ਕਿ ਜਿਹੜਾ ਵੀ ਸਿੰਘ ਮੈਦਾਨੇ ਜੰਗ ਵਿੱਚ ਜਾਂਦਾ ਹੈ ਉਹ ਵਾਪਸ ਨਹੀਂ ਆਉਂਦਾ, ਇਸ ਮਾਈ ਨੇ ਸਾਰੀਆਂ ਬਿਰਧ ਮਾਤਾਵਾਂ ਤੇ ਭਾਈਆਂ ਨੂੰ ਜਿਹੜੇ ਲੜ ਨਹੀਂ ਸਕਦੇ ਸਨ ਕਿਹਾ ਕਿ ਆਓ ਹੁਣ ਤੁਹਾਨੂੰ ਵੀ ਗੁਰੂ ਚਰਨਾਂ ਵਿੱਚ ਲੈ ਚਲੀਏ। ਸਭ ਤੋਂ ਪਹਿਲਾ ਮਾਤਾ ਵੇਦ ਬਾਈ ਜੀ ਨੇ ਖੂਹੀ ਵਿੱਚ ਛਾਲ ਮਾਰੀ ਅਤੇ ਉਸ ਤੋਂ ਬਾਅਦ ਸਾਰੇ ਬਿਰਧ, ਬਹੁਤ ਛੋਟੇ ਬੱਚੇ ਖੂਹੀ ਵਿੱਚ ਕੁੱਦ ਪਏ, ਖੂਹੀ ਲਾਸ਼ਾਂ ਨਾਲ ਭਰ ਗਈ।

ਲੜਦਿਆਂ ਲੜਦਿਆਂ ਸਾਰਾ ਦਿਨ ਬੀਤ ਗਿਆ ਬਹੁਤ ਸਾਰੇ ਸਿੰਘ ਬੀਬੀਆਂ ਸ਼ਹੀਦ ਹੋ ਚੁੱਕੇ ਸਨ। ਗੇਟ ਤੇ ਪਹਿਰਾ ਦੇ ਰਹੇ ਸਿੰਘਾਂ ਨੇ ਸੱਭ ਸਰੀਰਾਂ ਨੂੰ ਅਗਨ ਭੇਟ ਕਰ ਦਿੱਤਾ ਤੇ ਫਿਰ ਸ਼ਮਸੀਰਾਂ ਲੈ ਕੇ ਵਾਰੀ ਵਾਰੀ ਮੈਦਾਨੇ-ਜੰਗ ਵਿੱਚ ਜਾਂਦੇ ਰਹੇ। ਆਖਰੀ ਦਮ ਤੱਕ ਦੁਸ਼ਮਣਾਂ ਤੇ ਆਹੂ ਲਾਹੁੰਦੇ ਹੋਏ ਸਾਰੇ ਸਿੰਘ, ਬੀਬੀਆ ਬੱਚੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥ (ਅੰਗ-੧੩੬੭)
ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥ (ਅੰਗ-੧੩੬੬)

ਸਰਦਾਰ ਮਿਹਰ ਸਿੰਘ ਜੋ ਕਿ ਛੇ ਫੁੱਟਾ ਜੁਆਨ ਸੀ ਇੱਕ ਹੱਥ ਵਿੱਚ ਸ੍ਰੀ ਸਾਹਿਬ ਤੇ ਦੂਜੇ ਵਿੱਚ ਬਰਛਾ ਫੜ ਕੇ ਗੇਟ ਤੇ ਪਹਿਰਾ ਦੇ ਰਿਹਾ ਸੀ। ਉਸ ਦਾ ਖੂਨ ਉਬਾਲੇ ਖਾ ਰਿਹਾ ਸੀ ਕਿ ਕਦੋਂ ਬਾਹਰ ਜਾ ਕੇ ਜੂਝ ਮਰਾਂ। ਪਰ ਉਸ ਨੂੰ ਹੁਕਮ ਸੀ ਕਿ ਤੁਸੀਂ ਉਦੋਂ ਤਕ ਬਾਹਰ ਨਹੀਂ ਜਾਣਾ ਜਦੋਂ ਤੱਕ ਕਿ ਸਾਰੇ ਸਰੀਰਾਂ ਦਾ ਸਸਕਾਰ ਨਹੀਂ ਹੋ ਜਾਂਦਾ ਤਾਂ ਜੋ ਵੈਰੀ ਅੱਧ ਸੜੀਆਂ ਲਾਸ਼ਾਂ ਦੀ ਬੇਅਦਬੀ ਨਾ ਕਰ ਸਕਣ, ਜੋ ਵੀ ਵੈਰੀ ਗੁਰਦੁਆਰੇ ਦੇ ਅੰਦਰ ਆਉਣ ਦਾ ਜਤਨ ਕਰਦਾ ਭਾਈ ਮਿਹਰ ਸਿੰਘ ਗੋਲੀ ਵਾਂਗ ਪੈਕੇ ਉਸ ਦਾ ਹੱਥ ਪੈਰ ਜੋ ਵੀ ਦਿਖਦਾ

ਵੱਢ ਸੁੱਟਦੇ। ਵੈਰੀ ਹੈਰਾਨ ਸਨ ਕਿ ਪਤਾ ਨਹੀਂ ਅੰਦਰ ਕਿਹੜੀ ਬਲਾ ਹੈ ਕਿ ਜੋ ਕਿ ਸਭ ਨੂੰ ਕੱਟੀ ਜਾਂਦੀ ਹੈ। ਇੱਕ ਬਾਕਰ ਨਾਮ ਦੇ ਮੁਸਲਮਾਨ ਚੁੰਡ ਭਰਵਾਣੇ ਵਾਲੇ ਨੇ ਗੇਟ ਦੇ ਸਾਹਮਣੇ ਆ ਕੇ ਆਵਾਜ ਦਿੱਤੀ ਕਿ ਮੇਹਰ ਸਿੰਘਾਂ ਤੇਰੇ ਸਾਰੇ ਭਰਾ, ਭੈਣਾਂ, ਭਰਜਾਈਆਂ ਬੱਚੇ ਮਾਰੇ ਜਾਂ ਚੁੱਕੇ ਹਨ ਤੂੰ ਇਕੋ ਇੱਕ ਨਿਸ਼ਾਨੀ ਬਾਕੀ ਹੈ। ਸ਼ਰਨ ਵਿੱਚ ਆ ਜਾ, ਬਖਸ਼ ਦਿੱਤਾ ਜਾਏਂਗਾ। ਪਰ ਇਸ ਮਰ ਜੀਵੜੇ ਸਿੰਘ ਸੂਰਮੇ ਨੇ ਕੜਕਦੀ ਆਵਾਜ ਵਿੱਚ ਜਵਾਬ ਦਿੱਤਾ ਕਿ ਰਹਿਮ ਦੀ ਕੋਈ ਲੋੜ ਨਹੀਂ ਫੈਸਲਾ ਮੈਦਾਨੇ ਜੰਗ ਵਿੱਚ ਹੀ ਹੋਵੇਗਾ। ਇਸ ਤੋਂ ਬਾਅਦ ਕਿਸੇ ਦੀ ਵੀ ਅੰਦਰ ਜਾਣ ਦੀ ਹਿੰਮਤ ਨਹੀਂ ਪਈ। ਫਿਰ ਭਾਈ ਮਿਹਰ ਸਿੰਘ ਜਦੋਂ ਬਾਹਰ ਜਾ ਕੇ ਗੋਲੀਆਂ ਦੇ ਨਿਸ਼ਾਨੇ ਵਿੱਚ ਆਇਆ ਤਾਂ ਸਾਰਾ ਸਰੀਰ ਛਾਨਣੀ ਹੋ ਗਿਆ। ਦੋਹਾਂ ਹੱਥਾਂ ਵਿੱਚ ਹਥਿਆਰ ਫੜੇ ਸੂਰਮਾ, ਧਰਤੀ ਤੇ ਲੇਟਿਆ ਪਿਆ ਸੀ। ਲੁਟੇਰੇ ਡਰਦੇ ਡਰਦੇ ਨੇੜੇ ਆਏ ਤਾਂ ਇੱਕ ਦੁਸ਼ਟ ਨੇ ਭਾਈ ਮਿਹਰ ਸਿੰਘ ਨੂੰ ਪੈਰ ਦਾ ਠੁੱਡਾ ਮਾਰਿਆ। ਭਾਈ ਮਿਹਰ ਸਿੰਘ ਦਾ ਤਲਵਾਰ ਵਾਲਾ ਹੱਥ ਉਪਰ ਉੱਠਿਆ ਤੇ ਵਾਰ ਕਰਕੇ ਉਸ ਪਾਪੀ ਦੀ ਲੱਤ ਵੱਢ ਸੁੱਟੀ। ਇਸ ਦੇ ਨਾਲ ਹੀ ਸੂਰਮੇ ਨੇ ਜੈਕਾਰਾ ਛੱਡਿਆ ਤੇ ਆਪਣਾ ਸਰੀਰ ਤਿਆਗ ਦਿੱਤਾ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (ਅੰਗ-੮੪੬)

ਦੁਸ਼ਮਣ ਗੁਰਦੁਆਰੇ ਵਿੱਚ ਦਾਖਲ ਹੋਏ ਅਤੇ ਵੇਖ ਕੇ ਹੈਰਾਨ ਹੋ ਗਏ ਰਾਖ ਦੇ ਢੇਰ ਤੋਂ ਬਿਨ੍ਹਾਂ ਕੁਝ ਵੀ ਨਹੀਂ ਸੀ। ਜਰਵਾਣੇ ਬਹੁਤ ਪਰੇਸ਼ਾਨ ਹੋਏ ਸੋਚਣ ਲੱਗੇ ਇਹ ਸਭ ਕਿਹੋ ਜਿਹੇ ਬੰਦੇ ਸਨ ਜਿਨ੍ਹਾ ਨੇ ਅਣਖ ਦੀ ਖਾਤਰ ਮੌਤ ਨੂੰ ਗਲੇ ਲਾਇਆ, ਇਨ੍ਹਾਂ ਦਾ ਗੁਰੂ ਵੀ ਧੰਨ ਹੈ ਜਿਸਨੇ ਇੰਨਾ ਹੌਸਲਾ ਹਿੰਮਤ ਤੇ ਕੁਰਬਾਨੀ ਦਾ ਜ਼ਜ਼ਬਾ ਪੈਦਾ ਕੀਤਾ ਹੈ।

ਇਹ ਸ਼ਹੀਦੀ ਸਾਕਾ ਲਾਸਾਨੀ ਹੋ ਨਿਬੜਿਆ ਕਿਉਂਕਿ ਚੁੰਡ ਭਰਵਾਣੇ ਦੇ ਵਸਨੀਕਾਂ ਨੇ ਕਿਸੇ ਮਜਬੂਰੀ ਕਾਰਨ ਇੰਵ ਨਹੀਂ ਕੀਤਾ ਭਾਵੇ ਉਨ੍ਹਾਂ ਕੋਲ ਬਾਹਰ ਜਾਣ ਦੇ ਵਸੀਲੇ ਸਨ। ਕਈ ਪਰਿਵਾਰਾਂ ਦੇ ਬੱਚੇ ਗੋਜਰਾ ਮੰਡੀ ਲਾਇਲਪੁਰ ਅਤੇ ਹੋਰ ਸ਼ਹਿਰਾਂ ਵਿੱਚ ਚੰਗੇ ਕਾਰੋਬਾਰ ਕਰਦੇ ਸਨ। ਇਸ ਆਸ਼ੇ ਦੀ ਅਰਦਾਸ ਕੀਤੀ ਗਈ ਸੀ। ਇਸ ਸਬੰਧ ਵਿੱਚ ਸ.ਉੱਤਮ ਸਿੰਘ ਜੀ ਨਿਵਾਸੀ ਚੁੰਡ ਭਰਵਾਣਾ ਦਾ ਕਥਨ ਬਹੁਤ ਢੁਕਵਾਂ ਹੈ। ਸ.ਉੱਤਮ ਸਿੰਘ ਗੋਜਰਾ ਮੰਡੀ ਵਿੱਚ ਰਹਿੰਦੇ ਸਨ। ਉਨ੍ਹਾਂ ਦੱਸਿਆ ਕਿ ਜੁਲਾਈ ੧੯੪੭ ਵਿੱਚ ਉਹ ਪਿੰਡ ਚੁੰਡ ਭਰਵਾਣੇ ਗਏ ਸਨ। ਸਾਰੇ ਪਿੰਡ ਦਾ ਇਕੱਠ ਕਰਕੇ ਉਨ੍ਹਾਂ ਕਿਹਾ ਹਾਲਤ ਬਹੁਤ ਵਿਗੜ ਗਏ ਹਨ ਖਾਸ ਕਰਕੇ ਪਿੰਡਾਂ ਵਿੱਚ ਸਿੱਖਾਂ ਦਾ ਬਹੁਤ ਨੁਕਸਾਨ ਹੋ ਸਕਦਾ ਹੈ, ਇਸ ਲਈ ਤੁਸੀਂ ਕੁਝ ਦਿਨਾਂ ਵਾਸਤੇ ਇੱਥੋਂ ਚਲੇ ਜਾਓ। ਜੇਕਰ ਹਾਲਾਤ ਠੀਕ ਹੁੰਦੇ ਹਨ ਤਾਂ ਫਿਰ ਵਾਪਸ ਆ ਜਾਇਓ। ਇਹ ਸੁਣ ਕੇ ਸ.ਤੀਰਥ ਸਿੰਘ ਨੇ ਕਿਹਾ ਕਿ ਭਾਈ ਅਸੀਂ ਸਭ ਕੁਝ

ਜਾਣਦੇ ਹਾਂ ਕਿ ਸਾਨੂੰ ਭਿਆਨਕ ਖਤਰਾ ਹੈ ਅਸੀਂ ਮੁਸਲਮਾਨਾਂ ਦੇ ਘੇਰੇ ਵਿੱਚ ਰਹਿ ਰਹੇ ਹਾਂ। ਪਰ ਅਸੀਂ ਅਰਦਾਸ ਕਰ ਚੁੱਕੇ ਹਾਂ ਕਿ ਅਸੀਂ ਸਭ ਇਕੱਠੇ ਜੀਵਾਂਗੇ ਜਾਂ ਮਰਾਂਗੇ। ਇਸ ਲਈ ਹੁਣ ਸਾਡੀ ਜੀਵਨ ਡੋਰ ਦਸਮੇਸ਼ ਪਿਤਾ ਦੇ ਹੱਥ ਵਿੱਚ ਹੈ।

ਇਕ ਹੋਰ ਸਿੰਘ ਸ.ਅਮੀਰ ਸਿੰਘ ਚੂੰਡ ਭਰਵਾਣਾ ਨਿਵਾਸੀ ਵੀ ਗੋਜਰਾ ਮੰਡੀ ਵਿੱਚ ਕਾਰੋਬਾਰ ਕਰਦੇ ਸਨ। ਉਹ ਦਸਦੇ ਹਨ ਕਿ ਸਿੱਖ ਲੀਡਰਾਂ ਨੇ ਲਾਇਲਪੁਰ ਵਿੱਚ ਸਾਰੇ ਸਿੱਖਾਂ ਨੂੰ ਖਾਸ ਕਰਕੇ ਜੋ ਕਿ ਘੱਟ ਗਿਣਤੀ ਵਿੱਚ ਮੁਸਲਮਾਨੀ ਇਲਾਕਿਆਂ ਵਿੱਚ ਰਹਿੰਦੇ ਸਨ ਨੂੰ ਅਪੀਲ ਕੀਤੀ ਕਿ ਉਹ ਨਿਕਲ ਕੇ ਸ਼ਹਿਰਾਂ ਵਿੱਚ ਆ ਜਾਣ ਜਾਂ ਵਧੇਰੇ ਆਬਾਦੀ ਵਾਲੇ ਪਿੰਡਾਂ ਵਿੱਚ ਇਕੱਠੇ ਹੋ ਜਾਣ। ਸ.ਅਮੀਰ ਸਿੰਘ ਕਹਿੰਦੇ ਕਿ ਮੈਂ ਇਹ ਅਪੀਲ ਲੈ ਕੇ ਜੁਲਾਈ ੧੯੪੭ ਚੂੰਡ ਭਰਵਾਣੇ ਗਿਆ। ਮੈ ਸੁਲੱਖਣ ਸਿੰਘ ਜਿਨ੍ਹਾਂ ਦੇ ਬੇਟੇ ਗੋਜਰਾ ਮੰਡੀ ਰਹਿੰਦੇ ਸਨ ਨੂੰ ਮਿਲ ਕੇ ਸਾਰੀ ਗੱਲ ਦਸੀ ਉਨ੍ਹਾਂ ਅਗੋਂ ਕਿਹਾ ਕਿ ਭਾਈ ਅਮੀਰ ਸਿੰਘ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਮਾਂ ਬਹੁਤ ਭਿਆਨਕ ਹੈ ਪਰ ਅਸੀਂ ਗੁਰੂ ਮਹਾਰਾਜ ਅਗੇ ਅਰਦਾਸ ਕਰ ਚੁੱਕੇ ਹਾਂ ਹੁਣ ਪਿੱਠ ਦੇ ਕੇ ਨਹੀਂ ਜਾ ਸਕਦੇ।

ਸ.ਸੁਲੱਖਣ ਸਿੰਘ ਦੇ ਬੇਟੇ ਸ.ਮੰਨਾ ਸਿੰਘ ਨੇ ਦੱਸਿਆ ਕਿ ਜਦੋਂ ਸਾਨੂੰ ਪਤਾ ਲੱਗਾ ਕਿ ਚੂੰਡ ਭਰਵਾਣੇ ਤੇ ਹਮਲਾ ਹੋ ਗਿਆ ਹੈ ਤਾਂ ਮੈ ਤੇ ਸ.ਹੀਰਾ ਸਿੰਘ ਲਾਇਲਪੁਰ ਗਏ। ਉਥੇ ਹੀ ਸਾਨੂੰ ਜੱਥੇਦਾਰ ਦੀਵਾਨ ਸਿੰਘ ਸੇਠੀ ਜੋ ਕਿ ਨੇੜਲੇ ਪਿੰਡ ਵਿੱਚ ਰਹਿੰਦੇ ਸਨ ਮਿਲੇ ਇਨ੍ਹਾਂ ਨੇ ਹੀ ਚੂੰਡ ਭਰਵਾਣੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ ਸੀ। ਅਸੀਂ ਤਿੰਨੇ ਜਣੇ ਮਿਲਟਰੀ ਕੈਂਪ ਵਿੱਚ ਜਾ ਕੇ ਇੱਕ ਵੱਡੇ ਅਫਸਰ ਨੂੰ ਮਿਲੇ ਤੇ ਚੂੰਡ ਭਰਵਾਣਾ ਦੇ ਹਮਲੇ ਬਾਰੇ ਦੱਸਿਆ। ਉਸ ਅਫਸਰ ਨੇ ਸਾਡੇ ਸਾਹਮਣੇ ਮਘਿਆਣੇ ਮਿਲਟਰੀ ਕੈਂਪ ਵਿੱਚ ਫੋਨ ਕੀਤਾ ਉਥੋਂ ਜਬਾਬ ਮਿਲਿਆ ਕਿ ਸਾਡੇ ਜੁਆਨ ਚੂੰਡ ਭਰਵਾਣੇ ਗਏ ਸਨ, ਪਰ ਉਥੇ ਸਭ ਕੁਝ ਖਤਮ ਹੋ ਚੁੱਕਾ ਸੀ। ਇੱਕ ਗਲ ਉਨ੍ਹਾਂ ਖਾਸ ਤੌਰ ਤੇ ਦੱਸੀ ਕਿ ਚੂੰਡ ਭਰਵਾਣਾ ਵਾਸੀ ਬਹੁਤ ਬਹਾਦਰ ਸਨ ਉਨ੍ਹਾਂ ਨੇ ਕਈ ਦਿਨ ਮੁਕਾਬਲਾ ਕੀਤਾ। ਚੂੰਡ ਭਰਵਾਣੇ ਦੇ ਮੁਸਲਮਾਨ ਅਜੇ ਤਕ ਵੀ ਘਬਰਾਏ ਹੋਏ ਸਨ ਅਤੇ ਦੁਖੀ ਸਨ ਕਿ ਇਹ ਸਭ ਬਾਹਰੋਂ ਆਏ ਲਟੇਰਿਆਂ ਨੇ ਕੀਤਾ ਹੈ।

ਸਿਰਲੇਖ ਅਨੁਸਾਰ ਭਾਵੇ ਇਹ ਲਿਖਿਆ ਹੈ ਕਿ ਸਾਰਾਗੜੀ ਦਾ ਸਾਕਾ ਦੁਹਰਾਇਆ ਗਿਆ ਪਰ ਇਹ ਸਾਕਾ ਉਸ ਤੋਂ ਵੀ ਵੱਧ ਭਿਆਨਕ, ਦਰਦਨਾਕ ਤੇ ਸੂਰਬੀਰਤਾ ਵਾਲਾ ਹੋ ਨਿਬੜਿਆ। ਸਾਰਾਗੜ੍ਹੀ ਦੇ ਸਿੰਘ ਤਾਂ ਨੌਜੁਆਨ ਸੈਨਿਕ, ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਸਨ। ਉੱਥੇ ਬੱਚੇ, ਬੀਬੀਆਂ ਅਤੇ ਬਿਰਧ ਕੋਈ ਨਹੀਂ ਸਨ। ਪਰ ਚੂੰਡ ਭਰਵਾਣਾ ਵਿੱਚ ਛੋਟੇ ਬੱਚੇ ਬਿਰਧ, ਬੀਬੀਆਂ ਦੀ ਗਿਣਤੀ ਵੱਧ ਸੀ। ਜੁਝਾਰੂ ਸਿੰਘਾਂ ਕੋਲ ਵੀ ਸਿਰਫ ਰਵਾਇਤੀ ਹੱਥਿਆਰ ਸਨ। ਚੂੰਡ ਭਰਵਾਣੇ ਦੀ ਇਸ ਸੰਗਤ ਨੇ ਤਾਂ ਗੁਰੂ ਆਸਰੇ ਹੀ ਇਹ ਸਾਕਾ

ਵਰਤਾਇਆ ਤੇ ਦਸਮੇਸ਼ ਪਿਤਾ ਤੇ ਪੂਰਨ ਭਰੋਸਾ ਰੱਖਿਆ।

ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ।

ਦੁਨਿਆਵੀ ਮੋਹ ਤਿਆਗ ਕੇ ਗੁਰੂ ਸਾਹਿਬ ਦੇ ਬਚਨਾਂ ਤੇ ਪਹਿਰਾ ਦਿੰਦਿਆਂ ਅਣਖ ਨਾਲ ਲਾੜੀ ਮੌਤ ਨੂੰ ਵਰ੍ਹਿਆ।

## ਚੁੰਡ ਭਰਵਾਣੇ ਦੇ ਸਹੀਦਾਂ ਦੀ ਯਾਦਗਾਰ

ਇਨ੍ਹਾਂ ਚੁੰਡ ਭਰਵਾਣੇ ਦੇ ਸਮੂਹ ਸਹੀਦਾਂ ਦੀ ਯਾਦ ਤਾਂ ਭਾਂਵੇ ਸੰਨ ੧੯੪੯ ਤੋਂ ਹੀ ਮਨਾਈ ਜਾਣ ਲਗੀ। ਪਹਿਲੇ ਸਾਲ ਰੀਫੀਊਜੀ ਕੈਂਪ ਰੋਹਤਕ ਵਿਖੇ ਸ਼ਹੀਦੀ ਦੀਵਾਨ ਸਜਾਇਆ। ਫਿਰ ਕੁਝ ਸਮਾਂ ਪਿੰਡ ਆਂਵਲ ਰੋਹਤਕ, ਗੁਰਦੁਆਰਾ ਬੰਗਲਾ ਸਾਹਿਬ ਰੋਹਤਕ ਅਤੇ ਗੁਰਦੁਆਰਾ ਟਿਕਾਣਾ ਸਾਹਿਬ ਰੋਹਤਕ ਵਿੱਚ ਸ਼ਹੀਦੀ ਦੀਵਾਨ ਸਜਦੇ ਰਹੇ। ਸੰਨ ੧੯੬੫ ਵਿੱਚ ਇਹ ਸ਼ਹੀਦੀ ਦੀਵਾਨ ਪਹਿਲੀ ਵਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਾਂਧੀ ਨਗਰ, ਦਿੱਲੀ ਵਿੱਚ ਸਜਿਆ। ਇਸ ਤੋਂ ਬਾਅਦ ਕਈ ਸਾਲ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਦਿੱਲੀ ਵਿਖੇ ਮਨਾਇਆ ਜਾਂਦਾ ਰਿਹਾ। ਫਿਰ ਸੰਤ ਕਰਤਾਰ ਸਿੰਘ ਜੀ ਨੇ ਪ੍ਰੇਰਨਾ ਦਿੱਤੀ ਕਿ ਸ਼ਹੀਦਾਂ ਦੀ ਪੱਕੀ ਯਾਦਗਾਰ ਬਣਾਈ ਜਾਵੇ ਜਿੱਥੇ ਕਿ ਹਰ ਰੋਜ ਗੁਰਬਾਣੀ ਨਿਤਨੇਮ, ਕੀਰਤਨ ਦੀਵਾਨ ਸਜਣ। ਇਸ ਪ੍ਰੇਰਨਾ ਦਾ ਸਦਕਾ ਚੁੰਡ ਭਰਵਾਣਾ ਦੀ ਸੰਗਤ ਵਲੋਂ ਇੱਕ ਪਲਾਟ ਸਤਿਨਾਮ ਪਾਰਕ, ਚੰਦਰ ਨਗਰ, ਦਿੱਲੀ ਵਿੱਚ ਖਰੀਦਿਆ ਗਿਆ। ਇੱਕ ਕਮਰਾ ਟੀਨ ਦੀ ਛੱਤ ਪਾ ਕੇ ਤਿਆਰ ਕੀਤਾ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਅਗਸਤ ੧੯੭੪ ਨੂੰ ਗੁਰਦੁਆਰਾ ਸਾਹਿਬ ਦੀ ਨੀਂਹ ਮਹੰਤ ਬਾਬਾ ਗੁਰਮੁਖ ਸਿੰਘ ਸ਼ਾਹਜੀਵਨੇ ਵਾਲੇ ਅਤੇ ਸੰਤ ਕਰਤਾਰ ਸਿੰਘ ਡੇਰਾ ਬਾਬਾ ਕਰਮ ਸਿੰਘ ਵਾਲਿਆਂ ਨੇ ਰੱਖੀ। ਅੱਜ ਕਲ੍ਹ ਇਹ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਦੀ ਇਮਾਰਤ ਬਹੁਤ ਸੁੰਦਰ ਬਣੀ ਹੋਈ ਹੈ। ਗੁਰਬਾਣੀ ਦਾ ਪਰਵਾਹ ਚੱਲਦਾ ਹੈ ਤੇ ਸਹੀਦਾਂ ਦੀ ਯਾਦ ਤਾਜ਼ਾ ਕੀਤੀ ਜਾਂਦੀ ਹੈ। ਇਸ ਸ਼ੁੱਭ ਕਾਰਜ ਦਾ ਸੇਹਰਾ ਚੁੰਡ ਭਰਵਾਣਾ ਯਾਦਗਾਰ ਕਮੇਟੀ ਦਿੱਲੀ ਅਤੇ ਰੋਹਤਕ ਦੇ ਸਿਰ ਤੇ ਬੱਝਦਾ ਹੈ। ਕਮੇਟੀ ਨੇ ਇੱਕ ਹੋਰ ਉਪਰਾਲਾ ਕਰਕੇ 'ਚੁੰਡ ਭਰਵਾਣੇ ਦੇ ਮਹਾਨ ਸ਼ਹੀਦਾਂ ਦਾ ਬਲੀਦਾਨ' ਅਗਸਤ (੧੯੪੭) ਨਾਮ ਦੀ ਕਿਤਾਬ ਛਪਵਾਈ ਹੈ। ਉਪਰੋਕਤ ਲੇਖ ਇਸ ਕਿਤਾਬ ਦੇ ਆਧਾਰ ਤੇ ਹੀ ਲਿਖਿਆ ਹੈ। ਇਹ ਕਿਤਾਬ ਸਾਨੂੰ ਸ.ਸਵਰਨ ਸਿੰਘ ਸਵਰਨ ਪ੍ਰਾਪਤ ਹੋਈ ਉਨ੍ਹਾਂ ਦਾ ਬਹੁਤ ਧੰਨਵਾਦ ਤੇ ਸਮੂਹ ਕਮੇਟੀ ਦਾ ਕੋਟਨ ਕੋਟਿ ਧੰਨਵਾਦ ਹੈ ਜੀ।

-o-o-o-

# ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ

-ਸ.ਗੁਲਜਾਰ ਸਿੰਘ, ਮੋ 93163-45050

ਗੁਰਬਾਣੀ ਦੀ ਇਹ ਪੰਕਤੀ ਮਾਝ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤੀ ਬਾਣੀ 'ਬਾਰਹ ਮਾਹਾ' ਦੀ ਬਾਹਰਵੀਂ ਪਉੜੀ ਵਿੱਚੋਂ ਹੈ। ਇਸ ਦਾ ਭਾਵ ਅਰਥ ਹੈ ਕਿ ਜੋ ਇਨਸਾਨ ਗੁਰ ਸਿੱਖਿਆ ਅਨੁਸਾਰ ਸੱਚ ਦੇ ਮਾਰਗ ਤੇ ਚੱਲਦਾ ਹੋਇਆ, ਕਰਮ ਕਰਦਾ ਹੈ ਉਸ ਨੂੰ ਸਮਾਜ ਵੱਲੋਂ ਸ਼ੋਭਾ ਮਿਲਦੀ ਹੈ। ਉਸ ਦੀ ਕਰਣੀ ਸੰਸਾਰ ਵਿੱਚ ਸਲਾਹੀ ਜਾਂਦੀ ਹੈ ਜਿਸ ਕਰਕੇ ਉਸ ਨੂੰ ਸੰਸਾਰ ਵਿੱਚ ਆਦਰ ਸਤਿਕਾਰ ਮਿਲਦਾ ਹੈ।

ਜਗਿਆਸੂ ਦਾ ਪਹਿਲਾ ਸਵਾਲ ਸੁਭਾਵਕ ਹੀ ਇਹ ਹੋਵੇਗਾ ਕਿ ਸਚੈ-ਮਾਰਗ ਜਾਂ ਜੀਵਨ ਵਿੱਚ ਵਿਚਰਦੇ ਹੋਏ ਸੱਚ-ਕਰਮ ਕੀ ਹੈ ? ਮਾਘ ਮਹੀਨੇ ਨੂੰ (ਸਨਾਤਨ ਮੱਤ ਵਿੱਚ) ਪਵਿੱਤਰ ਮੰਨਿਆ ਜਾਂਦਾ ਹੈ ਅਤੇ ਲੋਕ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਹਨ। ਖਾਸ ਕਰਕੇ, ਪ੍ਰਯਾਗ ਦੇ ਤ੍ਰਿਬੇਣੀ ਅਸਥਾਨ ਤੇ, ਗੰਗਾ, ਜਮਨਾ ਸਰਸ੍ਵਤੀ ਦੇ ਸੰਗਮ ਤੇ ਡੁਬਕੀ ਲਗਾ ਕੇ ਤੀਰਥ ਇਸ਼ਨਾਨ ਕਰਨਾ, ਦਾਨ ਦੇਣਾ, ਸਨਾਤਨ ਮੱਤ ਅਨੁਸਾਰ, ਸ਼ੁੱਭ-ਕਰਮ, ਪ੍ਰਭੂ ਦੀ ਪਵਿੱਤਰ ਭਗਤੀ ਸਮਝਿਆ ਜਾਂਦਾ ਹੈ।

ਗੁਰੂ ਸਾਹਿਬ ਸਮਝਾਉਂਦੇ ਹਨ, ਹੇ ਭਾਈ ! ਤੂੰ ਮਾਘ ਦੇ ਸ਼ੁੱਭ ਮੰਨੇ ਜਾਂਦੇ ਮਹੀਨੇ ਵਿੱਚ ਵੀ (ਸਦਾ ਦੀ ਤਰ੍ਹਾਂ) ਸਿੱਧ ਪੁਰਖਾਂ (ਕਮਾਈ ਵਾਲੇ ਗੁਰਸਿੱਖਾਂ) ਦੀ ਸੰਗਤ ਦਾ (ਇਸ਼ਨਾਨ ਕਰ) ਲਾਹਾ ਲੈ ; ਉਹਨਾਂ ਦੀ ਧੂੜੀ ਭਾਵ ਗੁਣ/ਪਵਿੱਤਰ ਦਰਸ਼ਨ ਅਤੇ ਸੰਗਤ ਦਾ ਸਦਕਾ, (ਸ਼ੁੱਭ ਗੁਣ ਧਾਰਣ ਕਰ ਕੇ) ਪ੍ਰਭੂ ਦਾ ਨਾਮ ਜਪ, ਪ੍ਰਭੂ ਦੀ ਸਿਫਤ ਸਲਾਹ ਸੁਣ, ਪ੍ਰਭੂ ਦੀ ਨਿਰਲੇਪ ਭਗਤੀ ਵਿੱਚ ਚਿੱਤ ਲਾ। ਗੁਰਸਿੱਖਾਂ ਦੀ ਤਨ ਮਨ ਧਨ ਨਾਲ (ਨਿਮਰਤਾ ਸਹਿਤ) ਸੇਵਾ ਕਰ; ਇਹੀ (ਸਭ ਤੋਂ ਉੱਤਮ) ਕਰਮ ਹੈ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ (ਅੰਗ-੧੩੫)

ਗੁਰੂ ਨਾਨਕ ਦੇਵ ਜੀ ਤੁਖਾਰੀ ਰਾਗ ਵਿੱਚ, ਇਸ ਵਿਚਾਰ ਨੂੰ ਹੋਰ ਸਪਸ਼ਟਤਾ ਪ੍ਰਦਾਨ ਕਰਦੇ ਹੋਏ ਬਚਨ ਕਰਦੇ ਹਨ ਕਿ ਹੇ ਪ੍ਰਭੂ ! ਤੇਰ ਚਰਨਾਂ ਵਿੱਚ ਲੀਨਤਾ ਵਾਲੀ ਅਵਸਥਾ ਹੀ ਮੇਰੇ ਲਈ ਗੰਗਾ, ਜਮੁਨਾ ਅਤੇ ਸਰਸਵਤੀ ਦਾ ਤ੍ਰਿਵੈਣੀ ਸੰਗਮ ਹੈ। ਜਿਸ ਇਨਸਾਨ ਨੇ ਪਰਮੇਸਰ ਦੀ ਵਿਆਪਕਤਾ ਨੂੰ ਜਾਣ ਲਿਆ ਹੈ ਮਾਨੋ ਉਸ ਨੇ ਸਾਰੇ ਸ਼ੁੱਭ ਕਰਮ ਪੁੰਨ ਦਾਨ ਆਦਿਕ ਕਰ ਲਏ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਾਘ ਮਹੀਨੇ ਵਿੱਚ ਜਿਸ ਨੇ ਪ੍ਰਭੂ ਦਾ ਨਾਮ ਸਿਮਰ ਕੇ, ਪ੍ਰਭੂ-ਨਾਮ ਦਾ ਮਹਾਂ ਰਸ ਪੀ ਲਿਆ ਹੈ ਉਸ ਨੇ ਮਾਨੋ ਪਵਿੱਤਰ ਸਮਝੇ ਜਾਣ ਵਾਲੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ :

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥
(ਅੰਗ-੧੧੦੯)

ਮਾਝ ਰਾਗ ਦੇ ਸਿਰਲੇਖ ਹੇਠ ਬਾਹਰਵੀਂ ਪਉੜੀ ਵਿੱਚ ਗੁਰੂ ਸਾਹਿਬ ਅੱਗੇ ਸਮਝਾਉਂਦੇ ਹਨ ਕਿ ਉੱਪਰ ਲਿਖੇ ਸ਼ੁੱਭ ਕਰਮ ਕਰਨ ਦੇ ਫਲ ਸ੍ਵਰੂਪ, ਕਈ ਜਨਮਾਂ ਦੇ ਕਰਮਾਂ/ਵਿਕਾਰਾਂ ਦੀ ਮੈਲ (ਹਿਰਦੇ ਰੂਪੀ ਇਸ ਘਰ ਤੋਂ) ਲਹਿ ਜਾਂਦੀ ਹੈ। ਇਸ ਤਰ੍ਹਾਂ ਸ਼ੁੱਧ ਹੋਏ ਮਨ ਵਿੱਚੋ ਅਹੰਕਾਰ ਮਿਟ ਜਾਂਦਾ ਹੈ (ਨਿਮਰਤਾ ਜ਼ਿਆਦਾ ਸੁਖਾਂਦੀ ਹੈ)। ਪਵਿੱਤਰ ਹੋਏ ਮਨ ਨੂੰ ਫਿਰ ਕਾਮ ਵਾਸ਼ਨਾ ਅਤੇ ਕ੍ਰੋਧ ਜਿਹੇ ਵਿਕਾਰ ਆਪਣੇ ਵੱਲ ਨਹੀ ਪ੍ਰਭਾਵਿਤ ਕਰ ਪਾਉਂਦੇ । ਇਸੇ ਤਰ੍ਹਾਂ ਲੋਭ ਦਾ ਵਿਕਾਰ, ਜਿਸ ਦੇ ਅਸਰ ਹੇਠ ਮਨੁੱਖ ਦਰ ਦਰ ਭਟਕਦਾ, ਕਈ ਅਸ਼ੁੱਭ ਕਰਮ, ਕੂਕਰ ਦੀ ਨਿਆਈਂ, ਲਾਲਚ ਵੱਸ ਕਰਦਾ ਹੈ, ਉਸ ਤੋਂ ਵੀ ਛੁਟਕਾਰਾ ਪਾ ਲੈਂਦਾ ਹੈ :

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ (ਅੰਗ-੧੩੬)

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਵਿਚਾਰ ਨੂੰ ਬੜੀ ਮਨਮੋਹਕ ਸ਼ਬਦਾਵਲੀ ਵਿੱਚ ਸਮਝਾਉਦੇ ਹਨ। ਹੇ ਪ੍ਰਭੂ ! (ਇਸ ਪਵਿੱਤਰ ਸਮਝੇ ਜਾਣ ਵਾਲੇ ਮਾਘ ਮਹੀਨੇ ਵਿੱਚ) ਮੈਂ (ਤੇਰੀ ਕ੍ਰਿਪਾ ਸਦਕਾ) ਆਪਣੇ ਹਿਰਦੇ ਅੰਦਰ ਹੀ (ਤੇਰੇ ਨਾਮ ਵਿੱਚ ਲੀਨ ਹੋਣਾ ਵਾਲਾ) ਤੀਰਥ ਜਾਣ ਲਿਆ ਹੈ, ਜਿਸ ਵਿੱਚ ਮਜਨ (ਡੁਬਕੀਆਂ ਲਗਾ ਕੇ) ਕਰ ਕੇ ਮੇਰੀ ਜਿੰਦ ਪਵਿੱਤਰ ਹੋ ਗਈ ਹੈ। ਤੇਰੇ ਗੁਣ ਗਾ ਗਾ ਕੇ, ਹਿਰਦੇ-ਘਰ ਵਿੱਚ ਵਸਾ ਕੇ, ਮੇਰੀ ਜਿੰਦ ਤੇਰੇ ਚਰਨਾਂ ਵਿੱਚ ਲੀਨ ਹੋ ਗਈ ਹੈ। ਇਸ ਤਰ੍ਹਾਂ ਅਡੋਲ ਅਵਸਥਾ ਵਿੱਚ ਟਿਕ ਕੇ ਪ੍ਰੀਤਮ ਨਾਲ ਮਿਲਾਪ ਦੀ ਬਿਧ ਬਣ ਗਈ ਹੈ।

ਹੇ ਮੇਰੇ ਪਿਆਰੇ ਪ੍ਰੀਤਮ ! ਤੇਰੇ ਗੁਣ ਹਿਰਦੇ-ਘਰ ਵਿੱਚ ਵਸਾ ਕੇ, ਤੇਰੀ ਸਿਫ਼ਤ-ਸਲਾਹ ਸੁਣ ਸੁਣ ਕੇ, ਜੇ ਮੈਂ ਤੈਨੂੰ ਚੰਗਾ ਲੱਗਣ ਲੱਗ ਪਵਾਂ ਤਾਂ ਮੈਂ ਸਮਝਦਾ ਹਾਂ ਕਿ ਮੈਂ ਸਭ ਤੀਰਥ ਨਹਾ ਲਏ :

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ (ਅੰਗ-੧੧੦੯)

ਮਾਝ ਰਾਗ ਦੀ ਬਾਰਵੀਂ ਪਉੜੀ ਦੀਆਂ ਆਖਰੀ ਪੰਕਤੀਆਂ ਵਿੱਚ, ਪੰਚਮ ਪਾਤਸ਼ਾਹ, ਇਹ ਸੋਝੀ ਬਖਸ਼ਦੇ ਹਨ ਕਿ ਸੱਚੇ-ਮਾਰਗ ਤੇ ਚਲਣ ਭਾਵ 'ਹਰਿ ਕਾ ਨਾਮ ਧਿਆਇ ਸੁਣਿ' ਦੇ ਫਲ ਸਰੂਪ, ਅਠਾਹਠ ਤੀਰਥਾਂ ਦੇ ਇਸ਼ਨਾਨ, ਸਾਰੇ ਪੁੰਨ ਕਰਮ

ਅਰਥਾਤ ਜੀਆਂ ਲਈ ਦਇਆ ਭਾਵ ਵਿੱਚ ਪਰਉਪਕਾਰੀ ਕਰਮ ਕਰਨੇ ਆਦਿਕ ਨਾਮ ਧਿਆਉਣ ਨਾਲ ਹੀ ਪ੍ਰਾਪਤ ਹੋ ਜਾਂਦੇ ਹਨ।

ਜਿਸ ਇਨਸਾਨ ਨੂੰ, ਪ੍ਰਭੂ ਬਖਸ਼ਿਸ਼ ਕਰਕੇ, ਸਿਮਰਨ ਦੀ ਦਾਤ ਦਿੰਦਾ ਹੈ, ਉਹੀ ਮਨੁੱਖ ਜ਼ਿੰਦਗੀ ਦੇ ਇਸ ਸੱਚੇ-ਮਾਰਗ ਤੇ ਚੱਲ ਕੇ, ਸਿਆਣਾ (ਬਿਬੇਕੀ) ਪੁਰਖ ਬਣਦਾ ਹੈ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਜਿਨ੍ਹਾਂ ਵਡਭਾਗੇ ਜੀਵਾਂ ਨੂੰ (ਇਸ ਧਰਮ ਦੀ ਪਉੜੀ ਤੇ ਚੜ੍ਹਿਆਂ) ਪਿਆਰਾ ਪ੍ਰਭੂ ਮਿਲ ਜਾਂਦਾ ਹੈ, ਮੈ ਉਸ ਤੋਂ ਸਦਕੇ ਜਾਂਦਾ ਹਾਂ।

ਆਖ਼ਰੀ ਪੰਕਤੀ ਵਿੱਚ ਇਸ ਵਿਚਾਰ ਦਾ ਅਹਿਮ ਭਾਵ ਖੋਲਦੇ ਹੋਏ ਬਖਸ਼ਿਸ਼ ਦੇ ਬਚਨ ਉਚਾਰਦੇ ਹਨ ਕਿ ਇਸ ਪਵਿੱਤਰ ਕਹੇ ਜਾਣ ਵਾਲੇ ਮਾਘ ਮਹੀਨੇ ਵਿੱਚ (ਪ੍ਰਭੂ ਦੀ ਸਹਜ ਭਗਤੀ ਕਮਾ ਕੇ) ਉਹੀ ਸੁੱਚੇ-ਇਨਸਾਨ ਦੀ ਅਵਸਥਾ ਪ੍ਰਾਪਤ ਕਰਦੇ ਹਨ ਜਿਨ੍ਹਾਂ ਤੇ ਪੂਰੇ-ਗੁਰੂ (ਪਰਮਾਤਮਾ) ਦੀ ਮਿਹਰ ਹੁੰਦੀ ਹੈ।

> ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥
>
> (ਅੰਗ-੧੩੬)

ਗੁਰਬਾਣੀ ਦੀ ਉੱਪਰ ਕੀਤੀ ਵਿਚਾਰ ਤੋਂ ਅਸੀਂ ਸਿੱਖਿਆ ਗ੍ਰਹਿਣ ਕਰਦੇ ਹਾਂ ਕਿ ਗੁਰਸਿੱਖ ਲਈ ਸੇਵਾ, ਸਿਮਰਨ ਅਤੇ ਸਤਿ ਸੰਗਤ ਦੀ ਜੁਗਤ ਹੀ ਉੱਚੇ ਸੁੱਚੇ ਕਰਮ ਹਨ।

ਗੁਰੂ ਸਾਹਿਬ ਨੇ ਗੁਰਬਾਣੀ ਦੀਆਂ ਇਹਨਾਂ ਪੰਕਤੀਆਂ ਦੁਆਰਾ ਬੜਾ ਸਪਸ਼ਟ ਸੰਕੇਤ ਦਿੱਤਾ ਹੈ ਕਿ ਕਰਮ ਕਾਂਡੀ ਜੁਗਤੀ ਜਿਵੇਂ ਕਿ ਤੀਰਥਾਂ ਤੇ ਜਾ ਕੇ ਪਵਿੱਤਰ ਮੰਨੇ ਜਾਂਦੇ ਦਰਿਆਵਾਂ ਵਿੱਚ ਡੁਬਕੀਆਂ ਲਾਉਣ ਨਾਲ ਪ੍ਰਭੂ ਮਿਲਾਪ ਨਹੀ ਹੋ ਸਕਦਾ।

ਮਨ ਦੀ ਜਨਮਾਂ ਜਨਮਾਂ ਦੀ ਮੈਲ ਉਤਾਰਨ ਲਈ, ਪਰਮਾਤਮਾ ਦੀ ਯਾਦ ਵਿੱਚ ਟਿਕ ਕੇ, ਮਨ ਨੂੰ ਮਾਇਆਵੀ ਵਿਚਾਰਾਂ ਵੱਲੋਂ ਖ਼ਾਮੋਸ਼ ਕਰਕੇ, ਪ੍ਰਭੂ ਚਿੰਤਨ ਨਾਲ ਜੁੜਨਾ ਹੀ ਸਹੀ ਜੁਗਤ ਹੈ।

ਧਰਮ ਦੀ ਕਿਰਤ ਦੁਆਰਾ ਸੰਸਾਰ ਵਿੱਚ ਵਿਚਰਦੇ ਹੋਏ, ਲੋੜਵੰਦਾਂ ਦੀ, ਸਮੇਂ ਦੀ ਜ਼ਰੂਰਤ ਮੁਤਾਬਿਕ, ਸੇਵਾ ਵਿੱਚ ਯੋਗਦਾਨ ਪਾਉਣਾ ਸ਼ੁੱਭ ਕਰਮ ਹਨ, ਜੋ ਇਨਸਾਨੀ ਜੀਵਨ ਵਿੱਚ ਕਮਾਉਣੀ ਹੈ।

ਗੁਰਮੁਖਾਂ ਦੀ ਸੰਗਤ ਦਾ ਲਾਹਾ ਲੈ ਕੇ, ਗੁਰਬਾਣੀ ਵਿਚਾਰ ਕੇ, ਗਿਆਨ ਖੰਡ ਦੀ ਅਵਸਥਾ ਤੇ ਪਹੁੰਚ ਪ੍ਰਾਪਤ ਕਰਨੀ ਹੈ। ਗੁਰੂ ਕ੍ਰਿਪਾ ਸਦਕਾ, ਪ੍ਰਭੂ ਦੀ ਪ੍ਰੇਮਾ ਭਗਤੀ ਵਿੱਚ ਉਤਪੋਤ ਹੋ ਕੇ ਪ੍ਰਭੂ ਦੇ ਮਿਲਾਪ ਲਈ ਆਖ਼ਰੀ ਸੁਆਸ ਤੱਕ, ਘਾਲਣਾ ਘਾਲਣੀ ਹੀ ਸੱਚੀ ਸੁੱਚੀ ਜੁਗਤ ਹੈ, ਜੋ ਕਰਮ-ਖੰਡ ਅਤੇ ਸੱਚਖੰਡ ਦਾ ਪਾਤਰ ਬਣਾਉਂਦੀ ਹੈ।

ਐਸੇ ਕਰਮ ਕਰਨ ਨਾਲ, ਸੰਸਾਰ ਵਿੱਚ ਵਿਚਰਦੇ ਹੋਏ, ਸੱਚ ਕਮਾਉਣ ਵਾਲੇ ਇਨਸਾਨ ਨੂੰ, ਸੰਸਾਰਿਕ ਉਸਤਤ ਦੀ ਲਾਲਸਾ ਨਹੀ ਰਹਿੰਦੀ। ਪ੍ਰਭੂ ਦੀਆਂ ਅਪਾਰ ਬਖਸ਼ਿਸ਼ਾਂ, ਰਹਿੰਦੀ ਦੁਨੀਆਂ ਤੱਕ, ਉਸ ਦੀ ਉਸਤਤਿ ਨੂੰ ਉਜਾਗਰ ਕਰ ਰੱਖਦੀਆਂ ਹਨ। ਜੋ ਪ੍ਰਮਾਤਮਾ ਦੀ ਭਗਤੀ ਵਿੱਚ ਓਤਪੋਤ ਹੋਏ ਉਨ੍ਹਾਂ ਬਾਰੇ ਗੁਰੂ ਸਾਹਿਬ ਬਖਸ਼ਿਸ਼ ਕਰਕੇ ਸਾਨੂੰ ਸਮਝਾਉਂਦੇ ਹਨ।

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ (ਅੰਗ-੪੮੭)

ਭਗਤ ਨਾਮਦੇਵ ਦਾ ਮਨ ਪ੍ਰਭੂ ਭਗਤੀ ਵਿਚ ਲਗਾ ਰਹਿੰਦਾ ਸੀ। ਅਖੌਤੀ ਨੀਵੀਂ ਜਾਤ ਦਾ ਛੀਂਬਾ ਪ੍ਰਭੂ ਭਗਤੀ ਸਦਕਾ ਬੇਮੁਹਤਾਜ ਹੋ ਗਿਆ :

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥ (ਅੰਗ-੪੮੭)

ਲੋਕਾਂ ਦੀਆਂ ਬੁੱਤੀਆਂ (ਬਿਨ੍ਹਾਂ ਮਜਦੂਰੀ ਸੇਵਾ) ਕਰਨ ਵਾਲੇ ਸੈਨ ਨਾਈ ਦੀ ਘਰ ਘਰ ਸੋਭਾ ਹੋਈ। ਉਸ ਦੇ ਹਿਰਦੇ ਵਿੱਚ ਜਦ ਪ੍ਰਭੂ ਪ੍ਰਗਟ ਹੋ ਗਏ ਤਾਂ ਉਹ ਪ੍ਰਭੂ ਦੇ ਭਗਤ ਦੇ ਤੌਰ ਤੇ ਸਾਰੇ ਸੰਸਾਰ ਵਿੱਚ ਉਜਾਗਰ ਹੋ ਗਿਆ।

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ (ਅੰਗ-੪੮੭)

ਪ੍ਰਭੂ ਭਗਤੀ ਦੀ ਮਹਿਮਾ ਸੁਣ ਕੇ ਧੰਨਾ ਜੱਟ ਵੀ ਭਗਤੀ ਵਿੱਚ ਜੁੱਟ ਗਿਆ। ਪਰਮਾਤਮਾ ਦਾ ਸਾਖਸ਼ਾਤ ਦਰਸ਼ਨ ਕਰ ਕੇ ਭਾਗਾਂ ਵਾਲਾ ਮਸ਼ਹੂਰ ਹੋਇਆ।

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 13 ਜਨਵਰੀ 2024 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਖਬਰਾਵਲੀ : ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਨਸ਼ੀਨੀ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਮਿਤੀ ੧੯ ਨਵੰਬਰ ੨੦੨੩ ਨੂੰ ਸੰਸਥਾ ਗੁਰਬਾਣੀ ਚਾਨਣੁ ਵਿਖੇ ਮਨਾਇਆ ਗਿਆ।**

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਦੇਣ ਦਾ ਵਰਨਣ ਭੱਟ-ਵਹੀ ਤਲੰਡਾ ਪਰਗਨਾ ਦੇ ਲੇਖਕ ਨਰਬਦ ਸਿੰਘ ਭੱਟ ਜੋ ਕਿ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਪਾਸ ਨਾਂਦੇੜ ਵਿੱਚ ਮੌਜੂਦ ਸੀ ਨੇ ਇਸ ਪ੍ਰਕਾਰ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਕਾ ਪਰਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤ੍ਰੀ ਬਾਸੀ ਅਨੰਦਪੁਰ ਪਰਗਨਾ ਕਾਹਲੂਰ ਮੁਕਾਮ ਨਾਂਦੇੜ ਭਟ ਗੋਦਾਵਰੀ ਦੇਸ ਦਖਨ ਸੰਮਤ ਸਤਰਾਂ ਸੈ ਪੈਂਸਠ ਕਾਰਤਿਕ ਮਾਸ ਕੀ ਚੌਥ-ਸ਼ੁਕਲਾ ਪਖੇ ਬੁਧਵਾਰ (੬ ਅਕਤੂਬਰ ੧੭੦੮ ਈ.) ਦੇ ਦਿਹੁੰ ਭਾਈ ਦਇਆ ਸਿੰਘ ਸੈ ਬਚਨ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਏ ਗੁਰੂ ਜੀ ਨੇ ਪੰਚ ਪੈਸੇ ਨਾਰੀਅਲ ਅਗੇ ਭੇਟਾ ਰੱਖ ਕੇ ਮੱਥਾ ਟੇਕਾ ਸਰਬਤ ਸੰਗਤ ਤੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗ੍ਰੰਥ ਸਾਹਿਬ ਜੀ ਕੋ ਜਾਣਨਾ ਜੋ ਸਿਖ ਮਾਨੇਗਾ ਤਿਸਕੀ ਘਲ ਥਾਏ ਪਏਗੀ ਗੁਰੂ ਤਿਸ ਕੀ ਬਾਹੁੜੀ ਕਰੇਗਾ ਸਤ ਕਰ ਮਾਨਨਾ।

ਸਿੱਖ ਪੰਥ ਦੇ ਜੁਗੋ ਜੁਗ ਅਟਲ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਨਸ਼ੀਨੀ ਪੁਰਬ ਕੁਝ ਕੁ ਥਾਵਾਂ ਤੇ ਹੀ ਮਨਾਇਆ ਜਾਂਦਾ ਹੈ, ਭਾਈ ਸਰਦਾਰਾ ਸਿੰਘ ਜੀ (ਸੑਰਗਵਾਸੀ) ਬਾਨੀ ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਨੇ ਇਹ ਪੁਰਬ ਮਨਾਉਣ ਦੀ ਪ੍ਰਥਾ ਸੰਸਥਾ ਵਿੱਚ ਖਾਸ ਤੌਰ ਤੇ ਚਾਲੂ ਕੀਤੀ। ਇਸ ਸਾਲ ੨੦੨੩ ਦਾ ਇਹ ਪੁਰਬ ੧੯ ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਆਰੰਭਤਾ ਜੱਥਾ ਗੁਰਬਾਣੀ ਚਾਨਣ ਦੇ ਗੁਰਸਿੱਖਾਂ ਵਲੋਂ ਕੀਰਤਨ ਅਰੰਭ ਕੇ ਕੀਤੀ ਗਈ। ਭਾਈ ਕੁਲਬੀਰ ਸਿੰਘ ਜੀ ਸੰਸਥਾ ਦੇ ਮੁੱਖ ਸੇਵਾਦਾਰ ਨੇ 'ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ' ਸਬਦ ਗਾਇਨ ਕਰਕੇ ਬਹੁਤ ਰੰਗ ਬੰਨਿਆ। ਫਿਰ ਕੀਰਤਨ ਜੱਥਾ 'ਸੁਖਮਨੀ ਸਾਹਿਬ ਸੇਵਾ ਸੁਸਾਇਟੀ ਮੋਹਾਲੀ ਨੇ 'ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥' 'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥' 'ਰਤਨਾ

ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥' ਆਦਿ ਸਬਦ ਗਾਇਨ ਕੀਤੇ ਗਏ।

ਇਸ ਤੋਂ ਬਾਅਦ ਭਾਈ ਹਰਿੰਦਰ ਸਿੰਘ ਮੋਹਾਲੀ ਦੇ ਕੀਰਤਨੀ ਜੱਥੇ ਨੇ, 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ' 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥' 'ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥' ਆਦਿ ਸਬਦ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਤੋਂ ਬਾਅਦ ਗੁਰਮਤਿ ਦੇ ਵਿਆਖਿਆਕਾਰ ਭਾਈ ਹਰਵਿੰਦਰ ਸਿੰਘ ਸੋਹਾਣਾ ਵਾਲਿਆਂ ਨੇ ਸ਼ਬਦ ਗੁਰੂ ਦੇ ਵਿਸ਼ੇ ਤੇ ਵਿਦਵਤਾ ਭਰਪੂਰ ਕਥਾ ਸੁਣਾਈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਗੁਰੂ ਦੇ ਰੂਪ ਵਿੱਚ ਪ੍ਰਗਟ ਕੀਤਾ। ਇਸ ਤੋਂ ਪਹਿਲਾਂ ਸ਼ਬਦ ਨੂੰ ਗਿਆਨ ਰੂਪ ਵਿੱਚ ਹੀ ਸਮਝਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ੀ।

ਕਥਾ ਤੋਂ ਬਾਅਦ 'ਗੁਰਬਾਣੀ ਚਾਨਣੁ' ਸੰਸਥਾ ਵਿੱਚ ਤਨ ਮਨ ਧਨ ਨਾਲ ਸੇਵਾ ਕਰਨ ਵਾਲੇ ਭਾਈ ਸੁਰਜੀਤ ਸਿੰਘ, ਭਾਈ ਤੇਜਵੰਤ ਸਿੰਘ, ਸ.ਸਵਰਨ ਸਿੰਘ ਅਤੇ ਸ.ਸਤਪਾਲ ਸਿੰਘ ਜੀ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਅਖੀਰ ਵਿੱਚ ਭਾਈ ਸ਼ੌਕੀਨ ਸਿੰਘ ਜੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਸਰਸਾਰ ਕੀਤਾ। ਭਾਈ ਸਾਹਿਬ ਨੇ ਸ਼ਬਦ ਗੁਰੂ ਵਿਸ਼ੇ ਨਾਲ ਸੰਬਧਿਤ ਸਬਦ ਸੁਣਾਏ 'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ' 'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ' 'ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ' 'ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥੧॥'

ਇਸ ਦੌਰਾਨ ਹੀ ਗੁਰਮਤਿ ਮਾਰਗ ਦਰਸ਼ਨ ਚਾਰਟ ਪ੍ਰਦਰਸਨੀ ਜੋ ਕਿ ਭਾਈ ਦਲੀਪ ਸਿੰਘ ਦੀਪਕ (ਸ੍ਵਰਗਵਾਸੀ) ਵਲੋਂ ਸ਼ੁਰੂ ਕੀਤੀ ਗਈ ਸੀ ਲਗਾਈ ਗਈ। ਇਸ ਦੀ ਸੇਵਾ ਭਾਈ ਰਣਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਬਾਣੀ ਵਿਚਾਰ, ਸਿੱਖ ਇਤਿਹਾਸ ਤੇ ਗੁਰਮਤਿ ਨੂੰ ਦਰਸਾਉਂਦੇ ਸੈਂਕੜੇ ਚਾਰਟ ਲਾ ਕੇ ਬੜੇ ਪ੍ਰੇਮ ਨਾਲ ਨਿਭਾਈ। ਹੋਮਿਓਪੈਥੀ ਦਾ ਕੈਂਪ ਵੀ ਲਗਾਇਆ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

–ਡਾ.ਗੁਰਬਚਨ ਸਿੰਘ

## ਗੁਰਦੁਆਰਾ ਬੰਗਲਾ ਸਾਹਿਬ ਵਿਖੇ ਗੁਰਬਾਣੀ ਸਾਹਿਤ ਅਤੇ ਸਿੱਖ ਇਤਿਹਾਸ ਅਤੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਰੋਵਰ ਦੇ ਕੰਢੇ ਗੁਰਬਾਣੀ ਸਾਹਿਤ ਅਤੇ ਸਿੱਖ ਇਤਿਹਾਸ ਬਾਰੇ ਪੁਸਤਕ ਪ੍ਰਦਰਸ਼ਨੀ ਲਗਾਈ ਜਾਂਦੀ ਹੈ। ਸੰਸਥਾ 'ਗੁਰਬਾਣੀ ਇਸ ਜਗੁ ਮਹਿ ਚਾਨਣ', ਪਿੱਛਲੇ ੨੮ ਸਾਲ ਤੋਂ ਇਸ ਪ੍ਰਦਰਸਨੀ ਵਿੱਚ ਭਾਗ ਲੈਂਦੀ ਆ ਰਹੀ ਹੈ ਤਾਂ ਜੋ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਹੋ ਸਕੇ।

ਸੰਸਥਾ 'ਗੁਰਬਾਣੀ ਇਸ ਜਗੁ ਮਹਿ ਚਾਨਣੁ' ਅਤੀ ਧੰਨਵਾਦੀ ਹੈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜੋ ਗੁਰਬਾਣੀ ਦੇ ਪ੍ਰਚਾਰ ਲਈ ਸੰਸਥਾ ਨੂੰ ਸਟਾਲ ਲਗਾਉਂਣ ਲਈ ਮਨਜੂਰੀ ਦਿੰਦੀ ਹੈ। ਖਾਸ ਤੌਰ ਤੇ ਬਾਬਾ ਬਚਨ ਸਿੰਘ, ਬਾਬਾ ਸਤਨਾਮ ਸਿੰਘ ਜੀ, ਕਾਰ ਸੇਵਾ ਜੱਥਾ ਪੰਥ ਰਤਨ ਬਾਬਾ ਹਰਬੰਸ ਸਿੰਘ ਜੀ ਦਾ ਧੰਨਵਾਦ ਜੋ ਕਿ ਹਰ ਸਾਲ ੨ ਸੇਵਾਦਾਰਾਂ ਲਈ ਗੁਰਦੁਆਰਾ ਸਾਹਿਬ ਵਿੱਚ ਰਹਿਣ ਲਈ ਕਮਰੇ ਦੀ ਸੇਵਾ ਕਰਦੇ ਹਨ।

ਪੁਸਤਕ ਪ੍ਰਦਰਸ਼ਨੀ ੨੦੨੩ ਵਿੱਚ ੧੫੭ ਨਵੇਂ ਮੈਂਬਰ ਨੇ ਨਾਮ ਪਤਾ ਦਿੱਤਾ ਹੈ ਉਨ੍ਹਾਂ ਦਾ ਜੀ ਆਇਆ ਨੂੰ, ਅਤੇ ਧੰਨਵਾਦ ਸਭ ਸੰਗਤ ਦਾ ਜੋ ਗੁਰਬਾਣੀ ਦੇ ਪ੍ਰਸਾਰ ਲਈ ਪੁਸਤਕਾਂ ਆਦਿ ਲਈ ਸੇਵਾ ਦੇਦੀਂ ਹੈ।

ਸੰਸਥਾ ਧੰਨਵਾਦੀ ਹੈ ਸ.ਭਗਵੰਤ ਸਿੰਘ ਮੁੱਖੀ ਦਿੱਲੀ ਸਰਕਲ ਦਾ ਜਿਨ੍ਹਾਂ ਨੇ ੮੯ ਸਾਲ ਦੀ ਉਮਰ ਹੋਣ ਦੇ ਬਾਵਜੂਦ ਸਟਾਲ ਦਾ ਮੁਖ ਪ੍ਰਬੰਧ ਕੀਤਾ। ਸੰਸਥਾ ਵਲੋਂ ਸ.ਅਰਮਿੰਦਰ ਸਿੰਘ ਸਪੁੱਤਰ ਸ.ਭਗਵੰਤ ਸਿੰਘ, ਸੰਸਥਾ ਦੇ ਮੈਂਬਰ ਸ.ਮਨਜੀਤ ਸਿੰਘ ਅਤੇ ਸ.ਮਨਿੰਦਰ ਸਿੰਘ ਦਾ ਵੀ ਧੰਨਵਾਦ ਜਿਨ੍ਹਾਂ ਨੇ ਸਟਾਲ ਦਾ ਪ੍ਰਬੰਧ ਕੀਤਾ।

ਦਿੱਲੀ ਵਿੱਚ ਪੁਸਤਕਾਂ ਮੰਗਵਾਉਣ ਲਈ ਦਿੱਲੀ ਸਰਕਲ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

204-ਡੀ, ਗਲੀ ਨੰ. 36, ਸਫਦਰਜੰਗ ਐਨਕਲੇਵ, ਅਰਜਨ ਨਗਰ, ਨਵੀਂ ਦਿੱਲੀ 110029। ਫੋਨ : 26180398

**WhatsApp/MOBILE/Paytm/gpay. - 9910600199.**

## ਸੰਸਥਾ 'ਗੁਰਬਾਣੀ ਚਾਨਣੁ' ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਪੂਰਬ ਨੂੰ ਸਮਰਪਿਤ ਸਾਲਾਨਾ ਸਮਾਗਮ ਮਿਤੀ 19-11-2023 ਨੂੰ ਕੀਤਾ ਗਿਆ।






## ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਸੰਸਥਾ ਦੇ ਦਿੱਲੀ ਮੁੱਖੀ ਸ.ਭਗਵੰਤ ਸਿੰਘ ਅਤੇ ਸ.ਅਰਵਿੰਦਰ ਸਿੰਘ ਵਲੋਂ ਲਗਾਇਆ ਪੁਸਤਕਾਂ ਦਾ ਸਟਾਲ



Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵੱਲੋਂ ਸਾਲਾਨਾ ਗੁਰਮਤਿ ਸਮਾਗਮ ਦੌਰਾਨ ਸਨਮਾਨਿਤ ਸਖਸ਼ੀਅਤਾਂ




ਸ.ਸੁਰਜੀਤ ਸਿੰਘ




ਸ.ਤੇਜਵੰਤ ਸਿੰਘ




ਸ.ਸਤਪਾਲ ਸਿੰਘ




ਸ.ਸਵਰਨ ਸਿੰਘ